BED TIME STORIES-1

(Guru Gobind Singh Ji)

(ਗੁਰੂ ਗੋਬਿੰਦ ਸਿੰਘ ਜ਼ੀ)

Other books by the same author on religious philosophy and history :

1.	**Hindu Sikh Sikhia**	**(Panjabi)**		**ISBN 1 872580 00 9**
2.	**Hindu Sikh Sikhia**	**(Hindi)**		**ISBN 1 872580 01 7**
3.	**Sach Sunai Si Sach Ki Bela (Panjabi)**			**ISBN 1 872580 05 X**
4.	**Tales of Truth**	**(English)**	**(Sikh Martyrs)**	**ISBN 1 872580 06 8**
5.	**Bed Time Stories-1**	**(Panjabi-English)**	**(Guru Gobind Singh Ji)**	**ISBN 1 872580 20 3**
6.	**Bed Time Stories-2**	**(Panjabi-English)**	**(Guru Nanak Dev Ji)**	**ISBN 1 872580 21 1**
7.	**Bed Time Stories-3**	**(Panjabi-English)**	**(Guru Arjan Dev Ji)**	**ISBN 1 872580 22 X**
8.	**Bed Time Stories-4**	**(Panjabi-English)**	**(Guru Tegh Bahadur Ji)**	**ISBN 1 872580 23 8**
9.	**Bed Time Stories-5**	**(Panjabi-English)**	**(Guru Angad Dev Ji, Guru Amar Dass Ji and Guru Ram Dass Ji)**	**ISBN 1 872580 24 6**
10.	**Bed Time Stories-6**	**(Panjabi-English)**	**(Guru Hargobind Ji, Guru Har Rai Ji and Guru Har Krishan Ji)**	**ISBN 1 872580 25 4**
11.	**Bed Time Stories-7**	**(Panjabi-English)**	**(Sikh Martyrs)**	**ISBN 1 872580 26 2**
12.	**Bed Time Stories-8**	**(Panjabi-English)**	**(Khalsa Raj)**	**ISBN 1 872580 27 0**
13.	**Bed Time Stories-9**	**(Panjabi-English)**	**(Sikh Warriors)**	**ISBN 1 872580 28 9**
14.	**Bed Time Stories-10**	**(Panjabi-English)**	**(Honoured Saints)**	**ISBN 1 872580 29 7**

"Bed Time Stories written by Santokh Singh Jagdev in two languages have been quite successful in conveying the message of Guru Nanak to the Western world which includes our children also."

—The Council of Sikh Gurdwaras in Birmingham, England.

"Mr Jagdev has righteously succeeded in his mission to propagate the teachings of Guru Nanak and the Sikh Philosophy through interesting and numerous anecdotes narrated in his books....."

—Dr. Joginder Singh J.P., Birmingham, England.

"We highly recommend these books to those who want to learn or teach Sikhism and Sikh Philosophy."

—Gurdwara Guru Ramdas, Singh Sabha, Birmingham, England.

BED TIME STORIES-1

(Guru Gobind Singh Ji)

(ਗੁਰੂ ਗੋਬਿੰਦ ਸਿੰਘ ਜੀ)

Santokh Singh Jagdev

Sikh Missionary Resource Centre
Birmingham (England)

Bed Time Stories-1
ISBN 1 872580 20 3

First edition 1991
Second edition 1994
Third edition 1997

Price Rs. 60-00

Published by :
Sikh Missionary Resource Centre
346, Green Lane Rd.,
Small Heath, Birmingham
B95DR, England.
Ph-021-772-5365

Distributors :
SINGH BROTHERS
Bazar Mai Sewan, Amritsar.

Printers :
PRINTWELL, 146, Industrial Focal Point, Amritsar.

INDEX

Introduction

'Bed Time Stories-I' is a collection of twenty anecdotes in dual language with suitable sketches from the life history of Guru Gobind Singh. He was born on 22nd December 1666 at Patna.

At the age of five, he saw that the rulers were not performing their duty of looking after their subjects. The honour and the property of other sects was being looted in broad day light. There was no one to whom they could complain. In those dark days, he perceived that the poor should be able to defend themselves against oppression and tyranny. To make them fit, he began to train the children of his own age the art of battle at the river Ganges.

He learnt to recite the 'Granth Sahib' by heart in less than six months on arriving at Anandpur. In 1705 AD, at Damdama Sahib he dictated the scriptures, from memory to Bhai Mani Singh to write it down in its present form. The Guru made his Sikhs to read and understand the teachings of Guru Nanak. He arranged for the Hindu scriptures to be translated into Punjabi so that the Sikhs could learn, what was written in those books. He broke the shackles of Brahminism that the knowledge of Sanskrit and religious study should remain with Brahmins alone. The Brahmins for their own self interest and benefit, wanted the general public to remain ignorant in order to mislead and cheat the simple village folks. The Guru brought the literacy to his followers.

In 1699 AD, out of the lowly and the weak, Guru Gobind Singh created the "Khalsa", the army of God, to end the tyranny. The nectar bestowed by him made Sikhs into real Singhs (lions). A Singh was imbued with such courage that he was prepared to face an army of thousands on his own. Even a recluse like Banda Singh Bahadur after baptism was so encouraged that he became the first Sikh ruler in Punjab. The Guru brought the women on equal footing with men. After baptism 'Kaur' is added to their name which means princess. In the Hindu caste system the women rights were the same as "Shudras", the lowest in the caste system.

Guru started the first "Red Cross Service". He had love for every one even those who were fighting against him, as he had no enemy except the reign of terror.

I acknowledge, the art work matching the stories by S. Sukhwant Singh, and am indebted to KP Singh Brar my friend for helping to translate the stories, typing the manuscript by my daughter Rajmeet Kaur and full co-operation of S.Pritam Singh Navyug Press, New Delhi.

SS Jagdev
160-Formans Rd. Birmingham
B 11 3 BD England

ਸ਼ਬਦ

ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਆਪਨੀ ਜੀਤ ਕਰੋਂ॥
ਅਰੁ ਸਿਖ ਹੋ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਧਾਨ ਬਨੈ
ਅਤ ਹੀ ਰਨ ਮੈਂ ਤਬ ਜੂਝ ਮਰੋਂ॥

ਗੁਰੂ ਗੋਬਿੰਦ ਸਿੰਘ (ਚੰਡੀ ਚਰਿਤ੍ਰ)

Hymn

O' God, grant me this boon,
That I never shun from Thy righteous path.
Let the fear overtake me not,
When I go in the battlefields.
Give me the faith, I fight to win.
That I am instructed by my higher mind,
that I crave ever to sing Thy praise.
And when cometh The end of life
I die fighting in a holy war!

ਦੂਰ ਅੰਦੇਸ਼ ਭੀਖਣ ਸ਼ਾਹ

1666 ਈ: ਵਿਚ ਗੁਰੂ ਤੇਗ ਬਹਾਦਰ ਜੀ ਸਾਰੇ ਭਾਰਤ ਦਾ ਦੌਰਾ ਕਰ ਰਹੇ ਸਨ। ਉਹ ਆਪਣੇ ਪਰਚਾਰ ਰਾਹੀਂ ਦੱਬੀ ਤੇ ਸਹਿਮੀ ਹੋਈ ਜਨਤਾ ਨੂੰ ਜ਼ੁਲਮ ਦੇ ਬੰਧਨ ਤੋੜਨ ਲਈ ਪ੍ਰੇਰ ਰਹੇ ਸਨ। ਇਸ ਲਈ ਉਨ੍ਹਾਂ ਨੂੰ ਭਾਰਤ ਦਾ ਹਰ ਬੁੱਢਾ ਤੇ ਬੱਚਾ ਜਾਣਦਾ ਸੀ। 22 ਦਸੰਬਰ 1666 ਈ: ਨੂੰ ਸਾਹਿਬਜ਼ਾਦੇ ਗੋਬਿੰਦ ਰਾਏ ਦਾ ਜਨਮ ਹੋਇਆ। ਉਨ੍ਹਾਂ ਦੇ ਜਨਮ ਲੈਣ ਦੀ ਖ਼ਬਰ ਭੀ ਸਾਰੇ ਦੇਸ਼ ਵਿਚ ਫੈਲ ਗਈ।

ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕ ਨਜ਼ਰ ਨਾਲ ਦੇਖਣ ਵਾਲੇ ਪੀਰ ਭੀਖਣ ਸ਼ਾਹ ਪਾਸ ਸਾਹਿਬਜ਼ਾਦੇ ਦੇ ਜਨਮ ਧਾਰਨ ਦੀ ਖ਼ਬਰ ਪੁਜ ਗਈ। ਪੀਰ ਜੀ ਇਕ ਮੰਨੇ ਪਰਮੰਨੇ ਮੁਸਲਮਾਨ ਫ਼ਕੀਰ ਪਿੰਡ ਘੜਾਮ ਜ਼ਿਲ੍ਹਾ ਅੰਬਾਲਾ ਦੇ ਰਹਿਣ ਵਾਲੇ ਸਨ। ਪੀਰ ਦੇ ਮਨ ਵਿਚ ਸਾਹਿਬਜ਼ਾਦੇ ਦੇ ਦਰਸ਼ਨ ਆਪਣੇ ਅੱਖੀਂ ਕਰਨ ਦੀ ਉਮੰਗ ਪੈਦਾ ਹੋ ਗਈ। ਉਹ ਆਪਣੇ ਕੁਝ ਚੇਲਿਆਂ ਨੂੰ ਨਾਲ ਲੈ ਕੇ ਪਟਨੇ ਵੱਲ ਚੱਲ ਪਏ। ਰਸਤੇ ਦੇ ਦੁੱਖ ਤਕਲੀਫ ਸਹਾਰਦੇ ਹੋਏ ਪੀਰ ਜੀ ਦੋ ਮਹੀਨੇ ਵਿਚ ਪਟਨੇ ਪੁੱਜੇ। ਸਾਹਿਬਜ਼ਾਦੇ ਦੇ ਮਾਮਾ ਕ੍ਰਿਪਾਲ ਚੰਦ ਪਾਸ ਉਨ੍ਹਾਂ ਨੇ ਸਾਹਿਬਜ਼ਾਦੇ ਦੇ ਦਰਸ਼ਨਾਂ ਦੀ ਬੇਨਤੀ ਕੀਤੀ।

ਗੁਰੂ ਤੇਗ ਬਾਹਦਰ ਜੀ ਅਜੇ ਅਸਾਮ ਦੇਸ ਦੇ ਦੌਰੇ ਉਪਰ ਹੀ ਸਨ ਇਸ ਲਈ ਮਾਮਾ ਕ੍ਰਿਪਾਲ ਚੰਦ ਨੇ ਇਹ ਕਹਿੰਦੇ ਹੋਏ ਨਾਂਹ ਕਰ ਦਿੱਤੀ ਕਿ ਜਦੋਂ ਤਕ ਇਨ੍ਹਾਂ ਦੇ ਪਿਤਾ ਜੀ ਇਨ੍ਹਾਂ ਨੂੰ ਨਹੀਂ ਦੇਖ ਲੈਂਦੇ ਤਦੋਂ ਤਕ ਕਿਸੇ ਹੋਰ ਨੂੰ ਇਨ੍ਹਾਂ ਦੇ ਦਰਸ਼ਨ ਨਹੀਂ ਕਰਵਾਏ ਜਾ ਸਕਦੇ। ਮਾਮਾ ਕ੍ਰਿਪਾਲ ਚੰਦ ਦੇ ਜਵਾਬ ਦੇਣ ਉਪਰ ਪੀਰ ਹੋਰਾਂ ਖਾਣਾ ਪੀਣਾ ਤਿਆਗ ਦਿੱਤਾ ਤੇ ਦਰਵਾਜ਼ੇ ਦੇ ਅੱਗੇ ਧਰਨਾ ਮਾਰ ਕੇ ਬੈਠ ਗਏ। ਕੁਝ ਦਿਨਾਂ ਪਿਛੋਂ, ਮਾਮਾ ਕ੍ਰਿਪਾਲ ਚੰਦ ਨੇ ਪੀਰ ਦੀ ਹਾਲਤ ਉਪਰ ਤਰਸ ਖਾ ਕੇ ਸਾਹਿਬਜ਼ਾਦੇ ਦੇ ਦਰਸ਼ਨਾਂ ਦੀ ਆਗਿਆ ਦੇ ਦਿਤੀ।

ਪੀਰ ਜੀ ਬਾਲਕ ਗੋਬਿੰਦ ਰਾਏ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਮਨ ਦਾ ਭਰਮ ਦੂਰ ਕਰਨ ਲਈ ਕਿ ਸਾਹਿਬਜ਼ਾਦਾ ਗੋਬਿੰਦ ਰਾਏ ਵੱਡਾ ਹੋ ਕੇ ਹਿੰਦੂਆਂ ਨੂੰ ਬਹੁਤਾ ਪਿਆਰ ਕਰੇਗਾ ਜਾਂ ਮੁਸਲਮਾਨਾਂ ਨੂੰ ਸਤਿਕਾਰੇਗਾ : ਉਨ੍ਹਾਂ ਦੋ ਕੁੱਜੀਆਂ, ਇਕ ਵਿਚ ਪਾਣੀ ਤੇ ਦੂਜੀ ਵਿਚ ਦੁੱਧ ਪਵਾ ਕੇ ਉਨ੍ਹਾਂ ਦੇ ਅੱਗੇ ਰਖੀਆਂ। ਦੁੱਧ ਵਾਲੀ ਕੁੱਜੀ ਹਿੰਦੂਆਂ ਦੀ ਤੇ ਪਾਣੀ ਵਾਲੀ ਕੁੱਜੀ ਉਨ੍ਹਾਂ ਮੁਸਲਮਾਨਾਂ ਦੀ ਮਨ ਵਿਚ ਧਾਰ ਲਈ। ਹਰਮਨ ਪਿਆਰੇ ਗੋਬਿੰਦ ਰਾਏ ਨੇ ਦੋਹਾਂ ਕੁੱਜੀਆਂ ਉਪਰ ਆਪਣੇ ਕੋਮਲ ਹੱਥ ਰਖ ਦਿਤੇ। ਪੀਰ ਜੀ ਸਮਝ ਗਏ ਕਿ ਇਹ ਵੱਡੇ ਹੋ ਕੇ ਦੋਹਾਂ ਧਰਮਾਂ ਨੂੰ ਇਕੋ ਜਿਹਾ ਪਿਆਰ ਤੇ ਸਤਿਕਾਰ ਦੇਣਗੇ।

ਪੀਰ ਜੀ ਨੇ ਇਕ ਹੋਰ ਤੀਜੀ ਕੁੱਜੀ ਮੰਗਵਾਈ ਤੇ ਸਾਹਿਬਜ਼ਾਦੇ ਅੱਗੇ ਰੱਖ ਦਿੱਤੀ। ਸਾਹਿਬਜ਼ਾਦੇ ਨੇ ਉਸ ਉਪਰ ਵੀ ਆਪਣਾ ਸੱਜਾ ਹੱਥ ਰੱਖ ਦਿੱਤਾ। ਇਸ ਤੋਂ ਪੀਰ ਨੇ ਅਨੁਮਾਨ ਲਗਾ ਲਿਆ ਕਿ ਇਹ ਦੋਹਾਂ ਧਰਮਾਂ ਨੂੰ ਸਤਿਕਾਰਦੇ ਹੋਏ ਇਕ ਹੋਰ ਤੀਜਾ ਧਰਮ ਸ਼ੁਰੂ ਕਰਨਗੇ। ਪੀਰ ਜੀ ਦੇ ਮਨ ਦੀ ਭਾਵਨਾ ਪੂਰੀ ਹੋਈ। ਉਹ ਆਪਣੇ ਚੇਲਿਆਂ ਨਾਲ ਵਾਪਸ ਆਪਣੇ ਡੇਰੇ ਘੜਾਮ ਪਰਤ ਗਏ। ਪੀਰ ਦੇ ਪਿਆਰ ਦਾ ਸਤਿਕਾਰ ਕਰਦੇ ਹੋਏ ਪਟਨੇ ਤੋਂ ਅਨੰਦਪੁਰ ਨੂੰ ਜਾਂਦੇ ਹੋਏ ਸਾਹਿਬਜ਼ਾਦਾ ਗੋਬਿੰਦ ਰਾਏ ਜੀ ਉਨ੍ਹਾਂ ਪਾਸ ਇਕ ਦਿਨ ਟਿਕੇ।



ਦੂਰ ਅੰਦੇਸ਼ ਭੀਖਣ ਸ਼ਾਹ

Far-sighted Bhikhan Shah

Far-Sighted Bhikhan Shah

In 1666 AD Guru Tegh Bahadur was on a tour of India. He was preaching to the oppressed and frightened population to break the bonds of tyranny. All the young and old of the country knew him. Prince Gobind Rai was born on the 22nd December 1666. The news of his birth spread throughout the country.

Pir Bhikhan Shah who viewed both Hindus and Muslims alike, also came to know the birth of the Guru's son. The Pir was a renowned Muslim saint. He was a resident of the village Gharam in district Ambala. A desire to see the Guru's son arose in the holy man's heart. Taking some of his followers with him, he proceeded towards Patna. Undergoing hardships on the way, the Pir reached Patna in two months. He requested Kirpal Chand the uncle of the Guru's son for the glimpse of the child.

Guru Tegh Bahadur was still on his tour of Assam. Uncle Kirpal Chand said to the Pir, "Nobody can have the glimpse of the child as long as the child's father does not see his son first." On hearing this, the Pir went on hunger strike and squated before the door. After a few days, Kirpal Chand took pity on the condition of the Pir and granted him permission to see the Prince.

The Pir was very pleased to behold Prince Gobind Rai. To see whether Prince Gobind Rai, on growing up, will love more Hindus or Muslims, he placed before him two small earthen pots, one filled with water and the other with milk. In his mind, he assigned the pot containing milk to Hindus and that with water to Muslims. The Prince who loved all and was loved by everybody, placed his hands on both the pots. The Pir understood that he would give equal love and respect to both the religions.

The Pir called for a third pot and presented it to the Prince. The child Guru placed his tender right hand on it. The Pir concluded from it that having equal respect for the two, he will create a third faith. The wish of the Pir was fulfilled. He returned to his hermitage at Gharam with his followers.

Prince Gobind Rai stopped for a night at Gharam with him on his way to Anandpur from Patna, several years later.

ਨਿਆਰੇ ਖੇਲ

ਸਾਹਿਬਜ਼ਾਦੇ ਗੋਬਿੰਦ ਰਾਏ ਦੀ ਉਮਰ ਮੁਸ਼ਕਲ ਨਾਲ ਪੰਜ ਸਾਲਾਂ ਦੀ ਹੋਈ ਸੀ ਕਿ ਉਨ੍ਹਾਂ ਸ਼ਸਤਰ ਵਿਦਿਆ ਸਿੱਖਣੀ ਸ਼ੁਰੂ ਕਰ ਦਿੱਤੀ। ਉਹ ਆਪਣੇ ਗੁਲੇਲਿਆਂ ਦੇ ਨਿਸ਼ਾਨਿਆਂ ਨਾਲ ਪਾਣੀ ਭਰਨ ਵਾਲੀਆਂ ਔਰਤਾਂ ਦੇ ਘੜੇ ਤੋੜਨ ਲਗੇ। ਔਰਤਾਂ ਨੇ ਜਾ ਉਨ੍ਹਾਂ ਦੀ ਮਾਤਾ ਗੁਜਰੀ ਪਾਸ ਸ਼ਕਾਇਤ ਕੀਤੀ। ਮਾਤਾ ਨੇ ਔਰਤਾਂ ਨੂੰ ਪਿੱਤਲ ਦੀਆਂ ਗਾਗਰਾਂ ਲੈ ਦਿੱਤੀਆਂ।

ਸਾਹਿਬਜ਼ਾਦੇ ਨੇ ਮਾਮਾ ਕ੍ਰਿਪਾਲ ਚੰਦ ਨੂੰ ਕਹਿ ਕੇ ਤੀਰ ਕਮਾਣ ਬਣਵਾ ਲਏ। ਤੀਰਾਂ ਦੇ ਅੱਗੇ ਲੋਹੇ ਦੀਆਂ ਚੁੰਝਾਂ ਬਣਵਾ ਲਈਆਂ। ਉਨ੍ਹਾਂ ਪਿੱਤਲ ਦੀਆਂ ਗਾਗਰਾਂ ਵਿਚ ਤੀਰਾਂ ਨਾਲ ਛੇਕ ਕਰਨੇ ਸ਼ੁਰੂ ਕਰ ਦਿੱਤੇ। ਔਰਤਾਂ ਜਾ ਫਿਰ ਉਨ੍ਹਾਂ ਦੀ ਮਾਤਾ ਪਾਸ ਫਰਿਆਦ ਕੀਤੀ। ਮਾਤਾ ਦੇ ਮੂੰਹ ਵਿਚੋਂ ਸਹਿਜ ਸੁਭਾ ਨਿਕਲ ਗਿਆ, "ਹਰ ਰੋਜ਼ ਦੇ ਝਗੜਿਆਂ ਨਾਲੋਂ ਚੰਗਾ ਹੈ ਜੇ ਇਸ ਖੂਹ ਦਾ ਪਾਣੀ ਖਾਰਾ ਹੋ ਜਾਵੇ।" ਮਾਤਾ ਦੇ ਕਹਿਣ ਉਪਰ ਖੂਹ ਦਾ ਪਾਣੀ ਖਾਰਾ ਹੋ ਗਿਆ ਜਿਹੜਾ ਖਾਣਾ ਪਕਾਉਣ ਦੇ ਕੰਮ ਦਾ ਨਾ ਰਿਹਾ। ਔਰਤਾਂ ਨੇ ਪਾਣੀ ਭਰਨਾ ਬੰਦ ਕਰ ਦਿੱਤਾ। ਉਸ ਖੂਹ ਦਾ ਪਾਣੀ ਹੁਣ ਵੀ ਖਾਰਾ ਹੈ।


ਪਟਨੇ ਸ਼ਹਿਰ ਵਿੱਚ ਉਹ ਸਵੇਰੇ ਸਵੇਰੇ ਆਪਣੀ ਉਮਰ ਦੇ ਬੱਚਿਆਂ ਨੂੰ ਗੰਗਾ ਦਰਿਆ 'ਤੇ ਲੈ ਜਾਂਦੇ ਤੇ ਉਨ੍ਹਾਂ ਦੀਆਂ ਦੋ ਟੋਲੀਆਂ ਬਣਾ ਲੈਂਦੇ। ਉਨ੍ਹਾਂ ਨੂੰ ਇਕ ਦੂਜੇ ਉਪਰ ਵਾਰ ਕਰਨ ਦੇ ਨਾਲ ਨਾਲ ਆਪਣਾ ਬਚਾਉ ਕਰਨ ਦੇ ਢੰਗ ਸਿਖਾਉਂਦੇ। ਬਨਾਵਟੀ ਲੜਾਈ ਵਿਚ ਜਿਹੜੀ ਟੋਲੀ ਜਿੱਤ ਪ੍ਰਾਪਤ ਕਰਦੀ, ਉਸ ਨੂੰ ਮਾਤਾ ਪਾਸੋਂ ਇਨਾਮ ਦਿਵਾਉਂਦੇ। ਇਸ ਤਰ੍ਹਾਂ ਬੱਚੇ ਹਰ ਰੋਜ਼ ਇਕ ਬਾਲ ਸੈਨਾ ਦਾ ਨਾਟਕ ਖੇਲ੍ਹਦੇ।

ਅਨੰਦਪੁਰ ਪੁੱਜਣ ਉਪਰ ਸਾਹਿਬਜ਼ਾਦੇ ਨੂੰ ਭਾਈ ਬਜਰ ਸਿੰਘ ਨੇ ਘੋੜ ਸਵਾਰੀ ਤੇ ਹੋਰ ਸ਼ਸਤਰ ਵਿਦਿਆ ਦਿੱਤੀ। ਗੁਰੂ ਤੇਗ ਬਹਾਦਰ ਦੀ ਸ਼ਹੀਦੀ ਪਿਛੋਂ ਆਪ ਨੂੰ ਨੌਂ ਸਾਲਾਂ ਦੀ ਉਮਰ ਵਿਚ ਗੁਰਗੱਦੀ ਦੀ ਜ਼ਿਮੇਂਵਾਰੀ ਸੰਭਾਲੀ ਗਈ। 1699 ਈ: ਵਿਚ ਆਪ ਨੇ ਖਾਲਸਾ ਤਿਆਰ ਕੀਤਾ। ਹਰ ਅੰਮ੍ਰਿਤਧਾਰੀ ਸਿੱਖ ਦੇ ਨਾਂ ਨਾਲ ਸਿੰਘ ਲਗਾਉਣਾ ਜ਼ਰੂਰੀ ਕੀਤਾ। ਉਸ ਦਿਨ ਤੋਂ ਆਪ ਦਾ ਨਾਂ ਗੁਰੂ ਗੋਬਿੰਦ ਸਿੰਘ ਹੋਇਆ ਤਦੋਂ ਤਕ ਗੁਰੂ ਗੋਬਿੰਦ ਰਾਏ ਰਿਹਾ।

ਗੁਰੂ ਗੋਬਿੰਦ ਰਾਏ, ਸੋਲਾਂ ਸਾਲਾਂ ਦੇ ਸਨ ਜਦੋਂ ਉਨ੍ਹਾਂ ਦੇ ਹੁਕਮ ਨਾਲ ਰਣਜੀਤ ਨਗਾਰਾ ਬਣਾਇਆ ਗਿਆ। ਉਹ ਨਗਾਰਾ ਸਵੇਰ ਤੇ ਸ਼ਾਮ ਦੇ ਕੀਰਤਨ ਅਰੰਭ ਕਰਨ ਤੋਂ ਪਹਿਲਾਂ ਵਜਾਇਆ ਜਾਂਦਾ ਸੀ। ਉਸ ਨਗਾਰੇ ਦੀ ਅਵਾਜ਼ ਸੁਣ ਕੇ ਸਿੱਖ ਸੰਗਤਾਂ ਗੁਰੂ ਘਰ ਇਕੱਠੀਆਂ ਹੋ ਜਾਂਦੀਆਂ। ਤੀਸਰੇ ਪਹਿਰ ਗੁਰੂ ਗੋਬਿੰਦ ਰਾਏ ਸ਼ਿਕਾਰ ਲਈ ਜਾਂਦੇ ਤਾਂ ਸਿੱਖ ਰਣਜੀਤ ਨਗਾਰਾ ਵਜਾਉਂਦੇ ਅੱਗੇ ਅੱਗੇ ਚਲਦੇ। ਇਹ ਨਗਾਰਾ ਪਹਾੜੀ ਰਾਜਿਆਂ ਲਈ ਬਰਾਬਰੀ ਦਾ ਸੱਦਾ ਸੀ ਕਿਉਂਕਿ ਇਸ ਤਰ੍ਹਾਂ ਰਾਜਾ ਹੀ ਸ਼ਿਕਾਰ ਉਪਰ ਜਾਂਦਾ ਸੀ।

ਅਨੰਦਪੁਰ, ਗੁਰੂ ਦੇ ਦਰਸ਼ਨਾਂ ਲਈ ਆਏ ਸਿੱਖਾਂ ਨੂੰ ਘੋੜ ਅਸਵਾਰੀ ਤੇ ਸ਼ਸਤਰ ਵਿਦਿਆ ਸਿੱਖੇ ਬਿਨਾਂ ਵਾਪਸ ਨਾ ਜਾਣ ਦਿੱਤਾ ਜਾਂਦਾ। ਸ਼ਸਤਰ ਵਿੱਦਿਆ ਲੈਣ ਪਿਛੋਂ ਸਿੱਖ ਆਪਣੇ ਰਿਸ਼ਤੇਦਾਰਾਂ ਤੇ ਹੋਰ ਮਿਲਣ ਵਾਲਿਆਂ ਨੂੰ ਅਨੰਦਪੁਰ ਪੁੱਜ ਕੇ ਸ਼ਸਤਰ ਵਿੱਦਿਆ ਪ੍ਰਾਪਤ ਕਰਨ ਦੀ ਪ੍ਰੇਰਨਾ ਕਰਦੇ। ਇਸ ਤਰ੍ਹਾਂ ਸਿੱਖਾਂ ਵਿਚ ਸ਼ਸਤਰ ਵਿਦਿਆ ਵੱਧਦੀ ਗਈ।

ਪਾਉਂਟਾ ਸਾਹਿਬ ਹਿਮਾਚਲ ਵਿਚ ਆਪ ਨੇ ਸ਼ਸਤਰ ਵਿਦਿਆ ਨੂੰ ਮੁੱਖ ਰਖ ਕੇ ਪਹਿਲਾ ਕਿਲ੍ਹਾ ਬਣਵਾਇਆ। ਪਾਉਂਟੇ ਤੋਂ ਸੱਤ ਮੀਲ ਦੂਰ ਭੰਗਾਣੀ ਦੇ ਯੁੱਧ ਪਿਛੋਂ ਆਪ ਫਿਰ ਪਾਉਂਟੇ ਤੋਂ ਅਨੰਦਪੁਰ ਵਾਪਸ ਆ ਗਏ। ਅਨੰਦਪੁਰ ਦੇ ਆਸੇ ਪਾਸੇ ਆਪ ਨੇ ਪੰਜ ਕਿਲ੍ਹੇ ਬਣਵਾਏ। ਹਥਿਆਰਾਂ ਦੀ ਲੋੜ ਪੂਰੀ ਕਰਨ ਲਈ ਅਨੰਦਪੁਰ ਵਿਚ ਤੀਰ ਤੇ ਤਲਵਾਰਾਂ ਬਣਾਉਣ ਦੇ ਕਾਰਖ਼ਾਨੇ ਵੀ ਲਗਵਾਏ।


ਨਿਆਰੇ ਖੇਲ
Uncommon Games

Uncommon Games

Prince Gobind Rai was hardly five when he started to get weapon training. He began to break pitchers of women carrying water with the aim of his catapult. The women whose pitchers were broken would complain to his revered mother. The mother used to buy them brass utensils which would not break with the pellets.

The Prince asked his uncle Kirpal Chand and had bows and arrows made. The arrows had iron tips fitted. With the arrows he began piercing those brass utensils. The women again complained to his mother. The mother said spontaneously, "I am tired of these complaints. It would be better if the water of this well turns brackish." The words of the revered mother came true. The water of that well turned brackish. The water thus became unfit for cooking food. The women stopped taking water from that well. The water is brackish to this day.

In Patna city, the Prince would gather children of his own age and take them to the banks of the river Ganges. He would divide them into two groups. He used to teach them the art of warfare and at the same time to defend themselves. In these mock battles, he would get the winning group rewarded by his mother. In this way, children went with him to the river bank and played the drama of the child army.

On reaching Anandpur, the Prince was taught horse-manship and use of weapons by Bhai Bajjar Singh. The Prince was entrusted with the leadership of the Sikhs at the age of nine on the martyrdom of Guru Tegh Bahadur.

On reaching the age of sixteen, the Guru ordered to make a very big drum. He named it "Ranjit Nagara" which means the drum of victory. That drum was beaten in the morning and evening before the start of prayers. Hearing the drum-beat Sikh devotees used to gather at the Guru's institution. Every afternoon when the Guru went for hunting, the Sikhs would precede him beating the drum. This drum beat was a call of equality as only the kings (rajas) of the region could go hunting in this manner.

The Sikhs, who came to Anandpur for audience with the Guru were taught horse-manship and given weapon training before they returned back. After getting weapon training the Sikhs urged their relatives and others to go to Anandpur and get training. In this way the knowledge of the use of weapons spread among the Sikhs.

Keeping in mind the training of warfare, the Guru got the first fort constructed at Paonta Sahib. The Guru returned to Anandpur after the battle of Bhangani in Himachal Pradesh. He got five forts constructed around Anandpur. To fulfill the demand of the weapons, factories for the manufacture of arrows and swords were opened at Anandpur.

ਮੈਣੀ ਸੰਗਤ

ਫ਼ਤਹ ਚੰਦ ਪਟਨੇ ਦਾ ਇਕ ਪ੍ਰਸਿੱਧ ਜਾਗੀਰਦਾਰ ਸੀ। ਉਸ ਨੂੰ ਲੋਕੀ ਰਾਜਾ ਕਰਕੇ ਜਾਣਦੇ ਸਨ। ਉਸ ਦੀ ਰਾਣੀ ਦਾ ਨਾਂ ਮੈਣੀ ਸੀ। ਉਨ੍ਹਾਂ ਦੇ ਕੋਈ ਬੱਚਾ ਨਹੀਂ ਸੀ। ਉਨ੍ਹਾਂ ਨੇ ਸੰਤਾਨ ਲਈ ਬਹੁਤ ਜੰਤਰ ਮੰਤਰ ਤੇ ਪੂਜਾ ਪਾਠ ਕਰਵਾਏ ਪਰ ਕੋਈ ਸਿੱਧ ਨਾ ਹੋਇਆ। ਜਦੋਂ ਵੀ ਰਾਣੀ, ਸਾਹਿਬਜ਼ਾਦੇ ਗੋਬਿੰਦ ਰਾਏ ਤੇ ਉਸ ਦੀ ਬਾਲ ਸੈਨਾ ਨੂੰ ਆਪਣੇ ਮਹਿਲ ਦੇ ਅੱਗੋਂ ਦੀ ਲੰਘਦੀ ਦੇਖਦੀ ਤਾਂ ਉਸ ਦੇ ਮਨ ਦੀ ਤੜਪ ਬੱਚੇ ਲਈ ਹੋਰ ਵਧ ਜਾਂਦੀ।

ਇਕ ਦਿਨ ਬੱਚਿਆਂ ਦੀ ਫ਼ੌਜ ਨੂੰ ਦੇਖ ਕੇ ਰਾਣੀ ਬਹੁਤ ਡੂੰਘੇ ਖ਼ਿਆਲਾਂ ਵਿਚ ਡੁੱਬ ਗਈ। ਉਸ ਦੇ ਮਨ ਵਿਚ ਖ਼ਿਆਲ ਆਇਆ, ਕਿੰਨਾ ਚੰਗਾ ਹੋਵੇ ਜੇ ਮਾਤਾ ਗੁਜਰੀ ਦਾ ਲਾਲ, ਅੱਜ ਆ ਕੇ ਮੇਰੀ ਗੋਦ ਵਿਚ ਬੈਠੇ ਤੇ ਮੈਨੂੰ ਮਾਤਾ ਕਹਿ ਕੇ ਬੁਲਾਵੇ ਤੇ ਕਹੇ, ''ਮੈਨੂੰ ਬਹੁਤ ਭੁੱਖ ਲਗੀ ਹੈ। ਮਾਤਾ ਜੀ, ਜਿਹੜੇ ਛੋਲੇ ਪੂਰੀਆਂ ਤੁਸੀਂ ਤਿਆਰ ਕਰਕੇ ਅੰਦਰ ਰਖੇ ਹਨ, ਮੈਨੂੰ ਤੇ ਮੇਰੇ ਸਾਥੀਆਂ ਨੂੰ ਦੇਵੋ।'' ਇਸ ਤਰ੍ਹਾਂ ਖ਼ਿਆਲ ਆਉਣ ਉਪਰ ਉਹ ਉੱਠ ਖੜੀ ਹੋਈ ਤੇ ਛੋਲੇ ਪੂਰੀਆਂ ਬਣਾਉਣ ਲਗ ਪਈ।

ਰਾਣੀ ਨੇ ਸਿੱਖਾਂ ਪਾਸੋਂ ਸੁਣਿਆ ਹੋਇਆ ਸੀ ਕਿ ਸਾਹਿਬਜ਼ਾਦਾ ਮਨਾਂ ਦੀਆਂ ਭਾਵਨਾਵਾਂ ਦੇ ਜਾਣਨ ਵਾਲਾ ਹੈ। ਛੋਲੇ ਪੂਰੀਆਂ ਤਿਆਰ ਕਰਕੇ, ਰਾਣੀ ਬਾਹਰ ਨਿਕਲ ਕੇ ਬੈਠ ਗਈ ਤੇ ਬਾਲ ਸੈਨਾ ਦੀ ਉਡੀਕ ਕਰਨ ਲਗੀ। ਦੇਖਦੇ ਦੇਖਦੇ, ਬਾਲ ਸੈਨਾ ਦੇ ਆਗੂ ਆਪਣੀ ਸੈਨਾ ਨਾਲ ਉਸ ਵਿਹੜੇ ਵਿਚ ਆ ਗਏ ਜਿੱਥੇ ਰਾਣੀ ਬੈਠੀ ਇੰਤਜ਼ਾਰ ਕਰ ਰਹੀ ਸੀ। ਉਨ੍ਹਾਂ ਨੇ ਆਉਂਦੇ ਹੀ ਕਿਹਾ, ''ਲਿਆਉ, ਮਾਤਾ ਜੀ, ਜਿਹੜੇ ਛੋਲੇ ਪੂਰੀਆਂ ਤੁਸੀਂ ਅੰਦਰ ਤਿਆਰ ਕਰਕੇ ਰੱਖੇ ਹਨ। ਮੈਨੂੰ ਤੇ ਮੇਰੇ ਸਾਥੀਆਂ ਨੂੰ ਬਹੁਤ ਭੁੱਖ ਲਗੀ ਹੈ।''

ਰਾਣੀ ਨੇ ਦਿਲਾਂ ਦੀਆਂ ਜਾਣਨ ਵਾਲੇਂ ਸਾਹਿਬਜ਼ਾਦੇ ਨੂੰ ਗੋਦੀ ਵਿਚ ਲਿਆ ਤੇ ਪਿਆਰ ਕੀਤਾ। ਰਾਣੀ ਨੇ ਉਨ੍ਹਾਂ ਨੂੰ ਆਪਣੇ ਹੱਥੀਂ ਪੂਰੀਆਂ ਤੇ ਛੋਲੇ ਖਵਾਏ। ਪੂਰੀਆਂ ਤੇ ਛੋਲੇ ਬਾਕੀ ਬਾਲ ਸੈਨਾ ਨੂੰ ਵੀ ਹਾਜ਼ਰ ਕੀਤੇ ਗਏ। ਰਾਣੀ ਨੂੰ ਸਾਹਿਬਜ਼ਾਦੇ ਨੂੰ ਪੁੱਤਰਾਂ ਵਾਂਗ ਗੋਦੀ ਵਿਚ ਬੈਠਾ ਕੇ ਖਾਣਾ ਖਵਾਉਣ ਨਾਲ ਪੁੱਤਰ ਵਾਲਾ ਨਿੱਘ ਮਿਲਿਆ। ਪੁੱਤਰ ਦਾ ਨਿੱਘ ਲੈਣ ਲਈ ਰਾਣੀ ਨੇ ਹਰ ਰੋਜ਼ ਛੋਲੇ ਪੂਰੀਆਂ ਬਾਲ-ਸੈਨਾ ਲਈ ਤਿਆਰ ਕਰਨੇ ਸ਼ੁਰੂ ਕਰ ਦਿਤੇ। ਖਾਣਾ ਖੁਆਉਣ ਦੇ ਪੱਜ ਨਾਲ ਉਹ ਪੁੱਤਰ ਦਾ ਪਿਆਰ ਪ੍ਰਾਪਤ ਕਰਨ ਲਗੀ।

ਇਕ ਦਿਨ ਰਾਣੀ ਦੀ ਦੇਖ ਭਾਲ ਕਰਨ ਵਾਲੀ ਗੋਲੀ ਨੇ ਸਾਹਿਬਜ਼ਾਦੇ ਪਾਸ ਬੇਨਤੀ ਕੀਤੀ ਕਿ ਰਾਣੀ ਦੀ ਗੋਦ ਖਾਲੀ ਹੈ। ਇਸ ਨੂੰ ਆਪਣੇ ਵਰਗਾ ਪੁੱਤਰ ਬਖ਼ਸ਼ ਦੇਵੋ। ਸਾਹਿਬਜ਼ਾਦੇ ਨੇ ਅੱਗੋਂ ਉਤਰ ਦਿੱਤਾ, ''ਮੇਰੇ ਵਰਗਾ ਸਿਰਫ ਮੈਂ ਹੀ ਹਾਂ, ਹੋਰ ਦੂਜਾ ਨਹੀਂ ਹੋ ਸਕਦਾ। ਇਸ ਲਈ ਰਾਣੀ ਜੀ ਮੈਨੂੰ ਆਪਣਾ ਪੁੱਤਰ ਸਮਝ ਲੈਣ ਤਾਂ ਮੈਂ ਇਨ੍ਹਾਂ ਦਾ ਪੁੱਤਰ ਹੋ ਜਾਵਾਂਗਾ।'' ਉਸ ਦਿਨ ਤੋਂ ਰਾਣੀ ਦਾ ਪਿਆਰ ਤੇ ਲਗਾਉ ਉਨ੍ਹਾਂ ਲਈ ਹੋਰ ਵਧ ਗਿਆ।

ਸਾਹਿਬਜ਼ਾਦੇ ਦੇ ਪਟਨਾ ਛੱਡਣ ਪਿਛੋਂ, ਰਾਣੀ ਨੇ ਆਪਣੇ ਘਰ ਵਿਚ ਗੁਰਦੁਆਰਾ ਬਣਾ ਲਿਆ ਜਿੱਥੇ ਉਹ ਬੱਚਿਆਂ ਨੂੰ ਛੋਲੇ ਤੇ ਪੂਰੀਆਂ ਖੁਆਉਂਦੀ। ਇਸ ਤਰ੍ਹਾਂ ਕਰਨ ਨਾਲ ਉਸ ਨੂੰ ਸਾਹਿਬਜ਼ਾਦੇ ਦੇ ਹਰ ਰੋਜ਼ ਦਰਸ਼ਨ ਹੁੰਦੇ ਤੇ ਉਹ ਪੁੱਤਰ ਦਾ ਪਿਆਰ ਮਾਣਦੀ। ਉਸ ਗੁਰਦੁਵਾਰੇ ਦਾ ਨਾਂ ''ਮੈਣੀ ਸੰਗਤ'' ਪ੍ਰਸਿੱਧ ਹੋ ਗਿਆ ਜਿੱਥੇ ਅੱਜ ਕਲ੍ਹ ਵੀ ਛੋਲੇ ਤੇ ਪੂਰੀਆਂ ਦਾ ਪ੍ਰਸ਼ਾਦ ਮਿਲਦਾ ਹੈ।


ਮੈਣੀ ਸੰਗਤ
Rani Maini

Rani Maini

Fateh Chand was a noted landlord of Patna. People knew him as a Raja, the king. His wife Maini was known as Rani. They had no children. They resorted to many amulets, incantations, worship and recitation but nothing bore fruit. Whenever Rani Maini saw Gobind Rai and his "child army" pass by her palace her yearning for a child increased.

One day, the Rani was immersed in deep thought on seeing the "child army". A notion came to her mind that how nice it would be if Gobind Rai, the son of Mata (mother) Gujri may sit in her lap, call her mother and say, "I am feeling very hungry. Mother, please give gram-curry and fried cake (chhole and poori) that you have prepared and kept inside, to me and my companions." Getting these thoughts, she got up and began preparing curry and cake.

The Rani had heard from Sikhs that the Prince can read the mind. Having prepared curry and cake, the Rani sat outside to wait for the "child army". In a short while, the leader of the "child army" came to the courtyard where the Rani was waiting. Entering the courtyard the leader of the "child army" said, "Mother, bring the curry and cake that you have prepared. I and my companions are feeling very hungry."

The Rani took the thought reading master in her lap and fondled him with love. She gave curry and cake to the "child master" with her own hands and also to the rest of the "child army". The Rani felt motherly bliss by feeding the Prince in her lap like her own son. To get affection of a son the Rani began to prepare curry and cake daily for the "child army". Under pretext of serving meals the Rani began to get love of a son daily.

One day, the maid in service of the Rani appealed to the child master that the Rani did not have a child of her own. She may be blessed with a son like you. The child master replied, "Only I resemble myself. None other can be like me. So if the Rani considers me her son I shall become her son." From that day, the affection and love of the Rani for Prince Gobind Rai increased.

After the departure of Prince Gobind Rai from Patna, the Rani constructed a gurdwara in her house where she served curry and cake to the children. In this way she felt the presence of the Prince and she got affection of a son. That gurdwara came to be known as "Maini Sangat" where the blessed food of curry and cake is still distributed to the congregation to this day.

ਮਾਂ ਜਮਨਾ ਦੀ ਸ਼ਰਧਾ

ਇਕ ਦਿਨ ਦਾਨਾ ਪੁਰ ਹਿਮਾਚਲ ਵਿਚ ਇਕ ਮਸੰਦ ਸਿੱਖਾਂ ਪਾਸੋਂ ਦਸਵੰਧ ਇਕੱਠੀ ਕਰ ਰਿਹਾ ਸੀ। ਉਸ ਪਿੰਡ ਵਿਚ ਇਕ ਬਹੁਤ ਗਰੀਬ ਬੁੱਢੀ ਜਮਨਾ ਮਾਈ ਰਹਿੰਦੀ ਸੀ। ਉਹ ਥੋੜੇ ਜਿਹੇ ਦਾਲ ਚੌਲ ਗੁਰੂ ਦੇ ਲੰਗਰ ਲਈ, ਮਸੰਦ ਦੀ ਦਸਵੰਧ ਵਾਲੀ ਥੈਲੀ ਵਿਚ ਪਾਉਣ ਲਗੀ। ਮੁੱਠੀ ਭਰ ਦਾਲ ਚੌਲ ਦੇਖ ਕੇ ਮਸੰਦ ਨੇ ਸੋਚਿਆ ਕਿ ਇਸ ਮਾਈ ਦੀ ਭੇਟਾ ਨਾਲ ਲੰਗਰ ਦੀ ਸਮੱਗਰੀ ਵਿਚ ਕੋਈ ਵਾਧਾ ਨਹੀਂ ਹੋਣਾ, ਉਸ ਨੇ ਜਮਨਾ ਮਾਈ ਨੂੰ ਰੋਕ ਦਿੱਤਾ ਤੇ ਝਿੜਕ ਕੇ ਭਜਾ ਦਿਤਾ। ਇਹ ਲੋਭੀ ਮਸੰਦ ਉਨ੍ਹਾਂ ਵਿਚੋਂ ਇਕ ਸੀ ਜਿਹੜੇ ਸਿੱਖ ਸੰਗਤਾਂ ਦੀਆਂ ਭੇਟਾਵਾਂ ਦਾ ਬਹੁਤਾ ਹਿੱਸਾ ਆਪਣੇ ਘਰ ਹੀ ਰਖ ਲੈਂਦੇ ਸਨ ਤੇ ਬਹੁਤ ਥੋੜਾ ਗੁਰੂ ਦੀ ਸੇਵਾ ਵਿਚ ਭੇਟ ਕਰਦੇ ਸਨ।


ਜਮਨਾ ਮਾਈ ਦਾਲ ਚੌਲ ਵਾਪਸ ਘਰ ਲੈ ਗਈ। ਉਸ ਨੂੰ ਯਕੀਨ ਸੀ ਕਿ ਗੁਰੂ ਮਨ ਦੀਆਂ ਭਾਵਨਾਵਾਂ ਜਾਣਨ ਵਾਲੇ ਹਨ। ਉਨ੍ਹਾਂ ਨੂੰ ਦੁਨੀਆਂ ਦੇ ਪਦਾਰਥਾਂ ਦਾ ਲਾਲਚ ਨਹੀਂ। ਉਸ ਨੇ ਮਨ ਵਿਚ ਧਾਰ ਲਿਆ ਕਿ ਗੁਰੂ ਜੀ ਉਸ ਪਾਸ ਇਕ ਦਿਨ ਆਉਣਗੇ ਤੇ ਖਾਣ ਲਈ ਖਿਚੜੀ ਮੰਗਣਗੇ। ਮੈਂ ਆਪ ਉਨ੍ਹਾਂ ਨੂੰ ਆਪਣੇ ਹੱਥੀਂ ਖਿਚੜੀ ਤਿਆਰ ਕਰਕੇ ਖੁਆਵਾਂਗੀ। ਉਸ ਦਿਨ ਤੋਂ ਪਿਛੋਂ ਥੋੜਾ ਬਹੁਤ ਜੋ ਕੁਝ ਉਸ ਪਾਸ ਬਚਦਾ, ਉਹ ਮਸੰਦ ਨੂੰ ਦੇਣ ਦੀ ਥਾਂ ਆਪਣੇ ਘਰ ਵਿਚ ਹੀ ਜਮ੍ਹਾ ਕਰੀ ਜਾਂਦੀ।

1671 ਈ: ਵਿਚ ਸਾਹਿਬਜ਼ਾਦੇ ਨੇ ਪਟਨੇ ਤੋਂ ਅਨੰਦਪੁਰ ਨੂੰ ਜਾਂਦੇ ਹੋਏ ਦਾਨਾ ਪੁਰ ਡੇਰਾ ਕੀਤਾ। ਮਾਈ ਨੂੰ ਜਦੋਂ ਸਾਹਿਬਜ਼ਾਦੇ ਦੇ ਆਉਣ ਦਾ ਪਤਾ ਚਲਿਆ ਤਾਂ ਉਸ ਨੂੰ ਦਰਸ਼ਨ ਕਰਨ ਦਾ ਚਾਅ ਚੜ੍ਹ ਗਿਆ। ਉਸ ਨੇ ਬੜੇ ਪਿਆਰ, ਪ੍ਰੇਮ ਤੇ ਸ਼ਰਧਾ ਨਾਲ ਖਿਚੜੀ ਤਿਆਰ ਕੀਤੀ ਤੇ ਗੁਰੂ ਜੀ ਨੂੰ ਆ ਕੇ ਦਰਸ਼ਨ ਦੇਣ ਲਈ ਅਰਦਾਸ ਕੀਤੀ। ਮਨ ਦੀਆਂ ਭਾਵਨਾਵਾਂ ਜਾਣਨ ਵਾਲੇ ਆ ਮਾਈ ਪਾਸ ਹਾਜ਼ਰ ਹੋਏ ਤੇ ਕਹਿਣ ਲਗੇ, ''ਦਾਦੀ ਮਾਂ, ਲਿਆਉ ਜਿਹੜੀ ਖਿਚੜੀ ਤੁਸੀਂ ਮੇਰੇ ਲਈ ਤਿਆਰ ਕਰ ਰਖੀ ਹੈ।'' ਮਾਈ ਸਾਹਿਬਜ਼ਾਦੇ ਦੇ ਦਰਸ਼ਨ ਕਰਕੇ ਨਿਹਾਲ ਹੋ ਗਈ। ਉਸ ਨੇ ਜਿਹੜੀ ਖਿਚੜੀ ਤਿਆਰ ਕੀਤੀ ਸੀ, ਸਾਹਿਬਜ਼ਾਦੇ ਅੱਗੇ ਲਿਆ ਰੱਖੀ। ਸਿੱਖ ਸੰਗਤਾਂ ਜਿਹੜੀਆਂ ਉਨ੍ਹਾਂ ਦੇ ਨਾਲ ਸਨ ਉਨ੍ਹਾਂ ਨੂੰ ਵੀ ਖਿਚੜੀ ਦਾ ਲੰਗਰ ਵਰਤਾਇਆ ਗਿਆ।

ਮਾਈ ਨੇ ਦਿਲ ਲਗਾ ਕੇ ਗੁਰੂ ਦੇ ਦੀਦਾਰ ਕੀਤੇ ਪਰ ਜਦੋਂ ਬਾਲਾ ਪ੍ਰੀਤਮ ਜਾਣ ਲਈ ਉਠ ਖੜੇ ਹੋਏ ਤਾਂ ਮਾਈ ਨਿਰਾਸ ਹੋ ਗਈ। ਉਸ ਨੇ ਸਾਹਿਬਜ਼ਾਦੇ ਨੂੰ ਸਦਾ ਉਸ ਪਾਸ ਰਹਿਣ ਦੀ ਬੇਨਤੀ ਕੀਤੀ। ਉਨ੍ਹਾਂ ਨੇ ਉਤਰ ਦਿਤਾ, ''ਦਾਦੀ ਮਾਂ, ਮੈਂ ਆਪ ਦੇ ਪਾਸ ਸਦਾ ਹੀ ਹੋਵਾਂਗਾ। ਤੁਸੀਂ ਮੇਰੇ ਦਰਸ਼ਨ ਦੀਦਾਰੇ ਕਰਨੇ ਹੋਣ ਤਾਂ ਹਾਂਡੀ ਵਿਚ ਖਿਚੜੀ ਤਿਆਰ ਕਰਕੇ ਲੋੜਵੰਦ ਗ਼ਰੀਬਾਂ ਨੂੰ ਖੁਆਉਣਾ, ਮੈਂ ਆਪ ਨੂੰ ਪਰਤੱਖ ਨਜ਼ਰ ਆ ਜਾਵਾਂਗਾ।''

ਜਮਨਾ ਮਾਈ ਦੇ ਦਿਲ ਵਿਚ ਜਦੋਂ ਵੀ ਗੋਬਿੰਦ ਰਾਏ ਦੇ ਦਰਸ਼ਨ ਕਰਨ ਦੀ ਉਮੰਗ ਪੈਦਾ ਹੁੰਦੀ ਤਾਂ ਉਹ ਖਿਚੜੀ ਤਿਆਰ ਕਰਕੇ ਗਰੀਬਾਂ ਨੂੰ ਖੁਆਉਂਦੀ। ਉਸ ਨੂੰ ਪਰਤੱਖ ਉਨ੍ਹਾਂ ਦੇ ਦਰਸ਼ਨ ਹੋ ਜਾਂਦੇ। ਇਸ ਤਰ੍ਹਾਂ ਮਾਈ ਆਪਣੇ ਆਖਰੀ ਸਵਾਸਾਂ ਤਕ ਗੋਬਿੰਦ ਰਾਏ ਦੇ ਦਰਸ਼ਨ ਕਰਕੇ ਨਿਹਾਲ ਹੁੰਦੀ ਰਹੀ।

ਉਹ ਹਾਂਡੀ ਜਿਸ ਵਿਚ ਮਾਈ ਨੇ ਸਾਹਿਬਜ਼ਾਦੇ ਲਈ ਖਿਚੜੀ ਤਿਆਰ ਕੀਤੀ ਸੀ ਹੁਣ ਗੁਰਦੁਆਰਾ ''ਹਾਂਡੀ ਸਾਹਿਬ'' ਵਿਚ ਸੰਭਾਲ ਕੇ ਰੱਖੀ ਹੋਈ ਹੈ।



ਮਾਂ ਜਮਨਾ ਦੀ ਸ਼ਰਧਾ

Devotion of Mother Jamuna

Devotion of Mother Jamuna

One day a masand Sikh authorized by the Guru for the collection of offerings was collecting the offerings and the tithe from the Sikh devotees at village Danapur. A poor old woman, Mother Jamuna, lived in that village. She offered to put a small quantity of pulse and rice for the community kitchen in the bag of the masand. Seeing, the handful of pulse and rice, the masand thought that the offerings of the elderly woman would not increase the quantity of the material of the bag, so he stopped Mother Jamuna and sent her away with a reprimand. This greedy masand was one of those who kept a large part of the offerings of the Sikh devotees for themselves.

Mother Jamuna took the pulse and rice to her home. She believed that the Guru could read the desires of the mind. She resolved that one day the Guru would come to her and ask for the hotch potch to eat. "Then I shall prepare hotch potch myself and serve it to the Guru," she said to herself. After that day she stored whatever little she could instead of giving it to the masand.

In 1671 AD Prince Gobind Rai stayed at Danapur on his way to Anandpur from Patna. Mother Jamuna was overjoyed to hear the news of his stay as she could see him with her own eyes. She prepared hotch potch with great love and devotion and called to mind for the Prince to pay visit to her. The mind reader of the devotees presented himself before Mother Jamuna and said, "Grandma, bring that hotch potch which you have prepared for me." Mother Jamuna was very pleased to see the Prince. She brought the hotch potch she had prepared and offered it to the Prince. The hotch potch was also served to the Sikhs accompanying the Prince.

When the young Prince rose to go, the old woman requested him to stay with her forever. The Prince replied, "Grandma, I shall always be with you. If you want to see me, prepare hotch potch in this pot and serve it to the needy and poor. You can behold me before you."

Whenever Mother Jamuna wanted to behold the Prince, she prepared hotch potch and served it to the poor and she could feel the presence of the Prince. In this way she always had the glimpse of the Guru till her last breath.

That earthen pot (handi) in which Mother Jamuna had prepared hotch potch for the Guru is still kept in Gurdwara "Handi Sahib".

ਧਰਮ ਦੇ ਰਾਖੇ


ਗੁਰੂ ਗੋਬਿੰਦ ਸਿੰਘ ਲਈ ਸਭ ਤੋਂ ਪਿਆਰੀ ਚੀਜ਼ ਧਰਮ ਸੀ। ਉਨ੍ਹਾਂ ਆਪਣੇ ਸਿੱਖਾਂ ਤੇ ਹੋਰ ਮਿਲਣ ਵਾਲਿਆਂ ਨੂੰ ਧਰਮ ਲਈ ਮਰਨ ਮਿਟਣ ਦੀ ਸਿੱਖਿਆ ਦਿੱਤੀ। ਜ਼ੁਲਮ ਸਹਾਰਨ ਦੀ ਥਾਂ ਜ਼ਾਲਮ ਦਾ ਡੱਟ ਕੇ ਟਾਕਰਾ ਕਰਨ ਲਈ ਕਿਹਾ। ਜ਼ੁਲਮ ਦਾ ਟਾਕਰਾ ਕਰਨ ਵਿਚ ਹੀ ਧਰਮ ਦਾ ਬਚਾਉ ਹੈ। ਧਰਮ ਦੇ ਬਚਾਉਣ ਵਿਚ ਹੀ ਅਸਲੀ ਅਨੰਦ ਮਾਣਿਆ ਜਾ ਸਕਦਾ ਹੈ। ਆਪਾ ਵਾਰਨ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

1674 ਈ: ਵਿਚ ਕਸ਼ਮੀਰ ਦੇ ਗਵਰਨਰ ਨੇ ਔਰੰਗਜ਼ੇਬ ਦੇ ਹੁਕਮ ਨਾਲ ਹਿੰਦੂਆਂ ਨੂੰ ਧੱਕੋਜ਼ੋਰੀ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ। ਨਾਂਹ ਨੁੱਕਰ ਕਰਨ ਵਾਲੇ ਨੂੰ ਦੁੱਖ ਤਕਲੀਫ ਤੇ ਤਸੀਹੇ ਦਿੱਤੇ ਜਾਂਦੇ। ਸ਼ੇਰ ਅਫ਼ਗਾਨ ਖ਼ਾਨ ਗਵਰਨਰ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਗਰੀਬ ਤੇ ਕਮਜ਼ੋਰ ਹਿੰਦੂ ਮੁਸਲਮਾਨ ਬਣਨ ਲਗ ਪਏ। ਜਦੋਂ ਕਸ਼ਮੀਰ ਦੇ ਬ੍ਰਾਹਮਣਾਂ ਨੂੰ ਧਰਮ ਬਚਾਉਣ ਦਾ ਕੋਈ ਹੋਰ ਰਾਹ ਨਜ਼ਰ ਨਾ ਆਇਆ ਤਾਂ ਉਨ੍ਹਾਂ ਨੇ ਪੰਡਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਪਾਸ ਅਨੰਦਪੁਰ ਆ ਫਰਿਆਦ ਕੀਤੀ। ਪੰਡਤ ਕ੍ਰਿਪਾ ਰਾਮ ਗੁਰੂ ਜੀ ਦੇ ਸਾਹਿਬਜ਼ਾਦੇ ਨੂੰ ਕਿਸੇ ਸਮੇਂ ਸੰਸਕ੍ਰਿਤ ਦੀ ਵਿੱਦਿਆ ਦਿੰਦਾ ਰਿਹਾ ਸੀ। ਇਸ ਲਈ ਉਸ ਨੂੰ ਗੁਰੂ ਤੇਗ ਬਹਾਦਰ ਜੀ ਦੀ ਬਾਬਤ ਪੂਰੀ ਜਾਣਕਾਰੀ ਸੀ।

ਗੁਰੂ ਤੇਗ ਬਾਹਦਰ ਜੀ ਨੇ ਫਰਿਆਦੀਆਂ ਦੀ ਪੁਕਾਰ ਸੁਣ ਕੇ ਉਨ੍ਹਾਂ ਨੂੰ ਦਸਿਆ ਕਿ ਉਨ੍ਹਾਂ ਸਾਰਿਆਂ ਦਾ ਧਰਮ ਬਚ ਸਕਦਾ ਹੈ ਜੇ ਕੋਈ ਮਹਾਂਪੁਰਸ਼ ਇਸ ਦੇ ਬਚਾਉ ਲਈ ਆਪਣਾ ਸੀਸ ਦੇਣ ਲਈ ਤਿਆਰ ਹੋਵੇ। ਉਸ ਸਮੇਂ ਸਾਹਿਬਜ਼ਾਦਾ ਗੋਬਿੰਦ ਰਾਏ ਜੀ ਦਰਬਾਰ ਵਿਚ ਹਾਜ਼ਰ ਸਨ। ਸਾਰੇ ਪਾਸੇ ਚੁੱਪਚਾਪ ਛਾਈ ਦੇਖ ਕੇ ਸਾਹਿਬਜ਼ਾਦੇ ਨੇ ਬੇਨਤੀ ਕੀਤੀ, "ਪਿਤਾ ਜੀ, ਮੈਨੂੰ ਤਾਂ ਆਪ ਨਾਲੋਂ ਹੋਰ ਕੋਈ ਮਹਾਂਪੁਰਸ਼ ਨਜ਼ਰ ਨਹੀਂ ਆਉਂਦਾ ਜਿਸ ਦੇ ਹਿਰਦੇ ਅੰਦਰ ਆਮ ਜਨਤਾ ਦੀ ਦੁੱਖ ਤਕਲੀਫ਼ ਦਾ ਦਰਦ ਹੋਵੇ ਤੇ ਜਿਹੜਾ ਦੁੱਖ ਦੂਰ ਕਰਨ ਲਈ ਤੇ ਧਰਮ ਦੀ ਖਾਤਰ ਆਪਣਾ ਆਪ ਵਾਰਨ ਲਈ ਤਿਆਰ ਹੋਵੇ।"

ਸਾਹਿਬਜ਼ਾਦੇ ਦੀ ਇਸ ਤਰ੍ਹਾਂ ਦੀ ਸਲਾਹ ਦੇਣ ਉਪਰ ਗੁਰੂ ਜੀ ਨੂੰ ਯਕੀਨ ਆ ਗਿਆ ਕਿ ਗੋਬਿੰਦਰਾਏ ਗੁਰੂ ਨਾਨਕ ਦੀ ਗੱਦੀ ਦੀ ਅਗਵਾਈ ਕਰਨ ਦੇ ਯੋਗ ਸੀ। ਉਨ੍ਹਾਂ ਨੇ ਫਰਿਆਦੀਆਂ ਨੂੰ ਕਿਹਾ, "ਤੁਸੀਂ ਕਸ਼ਮੀਰ ਵਾਪਸ ਚਲੇ ਜਾਉ ਤੇ ਆਪਣੇ ਗਵਰਨਰ ਨੂੰ ਕਹਿ ਦੇਵੋ ਕਿ ਗੁਰੂ ਤੇਗ ਬਹਾਦਰ ਸਾਡੇ ਧਰਮ ਦੇ ਆਗੂ ਹਨ; ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਵੋ ਤਾਂ ਅਸੀਂ ਸਾਰੇ ਉਨ੍ਹਾਂ ਦੇ ਪਿਛੋਂ ਆਪਣੇ ਆਪ ਮੁਸਲਮਾਨ ਬਣ ਜਾਵਾਂਗੇ।"

ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਦਾ ਸਨੇਹਾ ਪੁੱਜਣ ਉਪਰ ਗੁਰੂ ਦੀ ਗ੍ਰਿਫਤਾਰੀ ਲਈ ਅਨੰਦਪੁਰ ਵੱਲ ਸਿਪਾਹੀ ਭੇਜ ਦਿਤੇ। ਸਿਪਾਹੀਆਂ ਦੇ ਪੁਜਣ ਤੋਂ ਪਹਿਲਾਂ ਹੀ ਗੁਰੂ ਜੀ ਨੇ ਦਿੱਲੀ ਵੱਲ ਦੀ ਯਾਤਰਾ ਸ਼ੁਰੂ ਕਰ ਦਿੱਤੀ ਸੀ ਤਾਂ ਜੋ ਉਹ ਰਸਤੇ ਦੀਆਂ ਸੰਗਤਾਂ ਨੂੰ ਇਸ ਹੁੰਦੇ ਅੱਤਿਆਚਾਰ ਬਾਰੇ ਜਾਣੂ ਕਰਵਾ ਜਾਣ। ਆਗਰੇ ਪੁੱਜਣ ਉਪਰ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆ ਕੇ ਕੈਦ ਕਰ ਦਿੱਤਾ ਗਿਆ। ਗੱਲ ਬਾਤ ਰਾਹੀਂ ਗੁਰੂ ਜੀ ਤੇ ਉਨ੍ਹਾਂ ਨਾਲ ਆਏ ਸਿੱਖਾਂ ਨੇ ਮੁਸਲਮਾਨ ਬਣਨਾ ਕਬੂਲ ਨਾ ਕੀਤਾ। ਗੁਰੂ ਜੀ ਨੂੰ ਡਰਾਉਣ ਲਈ, ਉਨ੍ਹਾਂ ਨੇ ਸਿੱਖਾਂ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤਾ, ਫਿਰ ਵੀ ਗੁਰੂ ਜੀ ਨੇ ਮੁਸਲਮਾਨ ਬਣਨਾ ਨਾ ਮੰਨਿਆ। ਅਤੇ 11 ਨਵੰਬਰ 1675 ਨੂੰ ਗੁਰੂ ਤੇਗ ਬਾਹਦਰ ਨੂੰ ਸਹੀਦ ਕਰ ਦਿੱਤਾ ਗਿਆ। ਗੁਰੂ ਜੀ ਦੀ ਸ਼ਹੀਦੀ ਪਿਛੋਂ ਔਰੰਗਜ਼ੇਬ ਨੂੰ ਯਕੀਨ ਆ ਗਿਆ ਕਿ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਨਹੀਂ ਬਣਾਇਆ ਜਾ ਸਕਦਾ।


ਧਰਮ ਦੇ ਰਾਖੇ
Defender of Faith

Defender of Faith

Of all the things, Guru Gobind Singh placed most reliance on religious faith. He taught his Sikhs and other people who met him, to face death and extermination in the cause of true faith. He told them to stand up and oppose the tyrants with all the might instead of bearing the tyranny. The defence of faith lies in standing up to tyranny. Real bliss can be enjoyed only by protection of faith. Nothing can be achieved without sacrifice.

In 1674 AD the governor of Kashmir, acting on the orders of the King Aurangzeb, started converting Hindus to Islam, forcibly. Those who refused were punished, chastised and tortured. The poor and weak, obeying the orders of the governor started to adopt Islam. When the Brahmins of Kashmir saw no other way of saving their faith, they came to Anandpur led by Pandit Kirpa Ram and narrated their woes to Guru Tegh Bahadur. Pandit Kirpa Ram used to teach Sanskrit at one time to his son Gobind Rai and knew all about Guru Tegh Bahadur.

Guru Tegh Bahadur after giving deep thought told the complainants, "Faith can be saved if some great saint is ready to lay down his life to save it." Prince Gobind Rai was also present in the court. Seeing a dead silence on all sides he pleaded, "Father! I do not see anyone greater than you who has the sufferings of the common man at his heart and who is ready to sacrifice himself for the sake of faith and righteousness."

Guru Tegh Bahadur was very pleased to hear this counsel of his son. He was satisfied that Gobind Rai was capable to take up the seat of guidance founded by Guru Nanak. He said to the Brahmins from Kashmir, "Go back to Kashmir and tell your governor that Guru Tegh Bahadur is our religious leader. If you convert him to Islam we all shall follow him and become Muslims."

On receiving the message of Guru Tegh Bahadur, Aurangzeb sent his soldiers to Anandpur to arrest the Guru. The Guru had already left for Delhi before the arrival of the soldiers. On his way to Delhi, the Guru wanted to familiarize his disciples with the barbarities committed by the ruler. The Guru was arrested at Agra and brought to Delhi. The Guru and the Sikhs accompanying him could not be convinced by arguments to become Muslims. To intimidate the Guru, they started martyring the Sikhs after torturing them in different ways. Still the Guru did not agree to become a Muslim. The Guru and the Sikhs remained firm in their faith. At last, the Guru was martyred on the 11th November 1675. After the martyrdom of the Guru, Aurangzeb was convinced that it was not possible to convert every Hindu to Islam by force.

ਅਨੰਦਪੁਰ ਸਿੱਖਿਆ ਕੇਂਦਰ

ਮੁਨਸ਼ੀ ਸਾਹਿਬ ਚੰਦ ਗੁਰੂ ਘਰ ਦੇ ਗ੍ਰੰਥੀ ਸਨ। ਸਮਾਂ ਮਿਲਣ ਉਪਰ ਉਹ ਬੱਚਿਆਂ ਨੂੰ ਗੁਰੂ ਘਰ ਵਿਚ ਗੁਰਮੁਖੀ ਪੜ੍ਹਾਉਣ ਦੀ ਸੇਵਾ ਵੀ ਕਰਦੇ ਸਨ। ਸਾਹਿਬਜ਼ਾਦੇ ਗੋਬਿੰਦ ਰਾਏ ਨੇ ਪਟਨੇ ਤੋਂ ਅਨੰਦਪੁਰ ਪੁੱਜਣ ਉਪਰ ਮੁਨਸ਼ੀ ਸਾਹਿਬ ਚੰਦ ਪਾਸੋਂ ਗੁਰਮੁਖੀ ਪੜ੍ਹਣੀ ਸ਼ੁਰੂ ਕਰ ਦਿੱਤੀ। ਗੁਰਮੁਖੀ ਸਿੱਖਣੀ ਹਰ ਸਿੱਖ ਲਈ ਜ਼ਰੂਰੀ ਸੀ ਕਿਉਂਕਿ ਇਸ ਵਿਚ ਹੀ ਗੁਰੂ ਨਾਨਕ ਦੀ ਬਾਣੀ ਲਿਖੀ ਹੋਈ ਸੀ। ਗੋਬਿੰਦ ਰਾਏ ਜੀ ਪੜ੍ਹਣ ਵਿਚ ਬਹੁਤ ਹੁਸ਼ਿਆਰ ਸਨ। ਉਨ੍ਹਾਂ ਨੇ ਗੁਰੂ ਗਰੰਥ ਸਾਹਿਬ ਦੀ ਪੂਰੀ ਦੀ ਪੂਰੀ ਬਾਣੀ ਛੇ ਮਹੀਨੇ ਅੰਦਰ ਜ਼ਬਾਨੀ ਯਾਦ ਕਰ ਲਈ।

ਸਾਹਿਬਜ਼ਾਦੇ ਨੂੰ ਫਾਰਸੀ ਪੜ੍ਹਾਉਣ ਲਈ ਮੁਨਸ਼ੀ ਪੀਰ ਮੁਹੰਮਦ ਕਾਜ਼ੀ ਨੂੰ ਲਗਾਇਆ ਗਿਆ। ਸੰਸਕ੍ਰਿਤ ਹਿੰਦੀ ਤੇ ਬ੍ਰਿਜ ਭਾਸ਼ਾ ਉਨ੍ਹਾਂ ਪੰਡਤ ਕ੍ਰਿਪਾ ਰਾਮ 'ਦੱਤ' ਪਾਸੋਂ ਪੜ੍ਹੀਆਂ। ਇਸ ਤਰ੍ਹਾਂ ਗੋਬਿੰਦ ਰਾਏ ਜੀ ਗੁਰਮੁਖੀ, ਫਾਰਸੀ, ਸੰਸਕ੍ਰਿਤ ਅਤੇ ਹਿੰਦੀ ਦੇ ਚੋਟੀ ਦੇ ਵਿਦਵਾਨਾਂ ਵਿਚੋਂ ਇਕ ਹੋ ਗਏ। 1680 ਈ: ਵਿਚ ਔਰੰਗਜ਼ੇਬ ਦੇ ਹੁਕਮ ਨਾਲ ਸੰਸਕ੍ਰਿਤ ਪੜ੍ਹਾਉਣ ਵਾਲੀਆਂ ਸੰਸਥਾਵਾਂ ਬੰਦ ਕਰ ਦਿੱਤੀਆਂ ਗਈਆਂ। ਗੁਰੂ ਜੀ ਨੇ ਉਨ੍ਹਾਂ ਸੰਸਥਾਵਾਂ ਦੇ ਵਿਦਵਾਨਾਂ ਨੂੰ ਸੱਦੇ ਪੱਤਰ ਭੇਜੇ ਤੇ ਰਸਤੇ ਦੇ ਖਰਚ ਪੇਸ਼ਗੀ ਭੇਜੇ ਤਾਂ ਜੋ ਉਨ੍ਹਾਂ ਨੂੰ ਅਨੰਦਪੁਰ ਪੁੱਜਣ ਵਿਚ ਕੋਈ ਔਕੜ ਪੇਸ਼ ਨਾ ਆਵੇ। ਉਨ੍ਹਾਂ ਦੇ ਅਨੰਦਪੁਰ ਪੁੱਜਣ ਉੱਪਰ ਉਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਹਿਸਾਬ ਤਨਖਾਹਾਂ ਉੱਪਰ ਰਖਿਆ ਗਿਆ।

1686 ਵਿਚ ਪੰਡਤ ਰਘੂ ਨਾਥ ਨੇ ਸਿੱਖਾਂ ਨੂੰ ਸੰਸਕ੍ਰਿਤ ਦੀ ਵਿੱਦਿਆ ਦੇਣ ਤੋਂ ਨਾਂਹ ਕਰ ਦਿੱਤੀ। ਉਸ ਦੇ ਖਿਆਲ ਵਿਚ ਸੰਸਕ੍ਰਿਤ ਸਿਰਫ ਬ੍ਰਾਹਮਣ ਹੀ ਪੜ੍ਹ ਸਕਦੇ ਸਨ। ਹੋਰਨਾਂ ਨੂੰ ਸੰਸਕ੍ਰਿਤ ਪੜ੍ਹਾਉਣਾ ਪਾਪ ਸੀ। ਸੰਸਕ੍ਰਿਤ ਪੜ੍ਹ ਕੇ ਲੋਕੀ ਉਹ ਗਰੰਥ ਪੜ੍ਹ ਸਕਦੇ ਸਨ ਜਿਨ੍ਹਾਂ ਵਿਚ ਉਸ ਸਮੇਂ ਦੇ ਸਾਰੇ ਧਾਰਮਕ ਵਿਚਾਰ ਲਿਖੇ ਹੋਏ ਸਨ। ਰਘੂ ਨਾਥ ਨੂੰ ਪੂਰਾ ਗਿਆਨ ਸੀ ਜੇ ਦੂਜਿਆਂ ਨੇ ਇਹ ਗਰੰਥ ਪੜ੍ਹ ਲਏ ਤਾਂ ਉਨ੍ਹਾਂ ਨੂੰ ਪਤਾ ਚਲ ਜਾਵੇਗਾ ਕਿ ਇਨ੍ਹਾਂ ਵਿਚ ਕੀ ਕੁਝ ਲਿਖਿਆ ਹੋਇਆ ਹੈ। ਫਿਰ ਉਹ ਪੂਜਾ ਪਾਠ ਕਰਵਾਉਣ ਵਾਲਿਆਂ ਪਾਸੋਂ ਝੂਠ ਬੋਲਕੇ ਪੈਸੇ ਨਹੀਂ ਲੈ ਸਕਣਗੇ ਜਿਵੇਂ ਉਹ ਪਹਿਲਾਂ ਲੈਂਦੇ ਆ ਰਹੇ ਸਨ ਤੇ ਉਨ੍ਹਾਂ ਨੂੰ ਦੇਵਤਿਆਂ ਦੇ ਨਾਂ ਉਪਰ ਡਰਾਉਂਦੇ ਆ ਰਹੇ ਸਨ। ਇਸ ਡਰ ਦੇ ਮਾਰੇ ਉਹ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣਾ ਨਹੀਂ ਚਾਹੁੰਦਾ ਸੀ। ਗੁਰੂ ਗੋਬਿੰਦ ਰਾਏ ਨੇ ਆਪ ਉਨ੍ਹਾਂ ਗਰੰਥਾਂ ਨੂੰ ਪੜ੍ਹਿਆ ਹੋਇਆ ਸੀ। ਉਹ ਇਸ ਲਈ ਚਾਹੁੰਦੇ ਸਨ ਕਿ ਉਨ੍ਹਾਂ ਦੇ ਸਿੱਖਾਂ ਨੂੰ ਵੀ ਪਤਾ ਚਲ ਜਾਵੇ ਕਿ ਉਨ੍ਹਾਂ ਗਰੰਥਾਂ ਵਿਚ ਕਿਹੜਾ ਗਿਆਨ ਉਨ੍ਹਾਂ ਦੇ ਬਜ਼ੁਰਗਾਂ ਨੇ ਉਨ੍ਹਾਂ ਲਈ ਛਡਿਆ ਸੀ ਤੇ ਸਿੱਖ ਉਨ੍ਹਾਂ ਗਰੰਥਾਂ ਨੂੰ ਪੜ੍ਹ ਕੇ ਅਨਪੜ੍ਹਾਂ ਵਾਲੇ ਪਖੰਡ ਛਡ ਦੇਣ।

ਗੁਰੂ ਜੀ ਨੇ ਪੰਜ ਸਿੱਖਾਂ ਨੂੰ ਭਗਵੇਂ ਬਸਤਰ ਪਹਿਨਾ ਕੇ ਨਿਰਮਲੇ ਸੰਤਾਂ ਦਾ ਬਾਣਾ ਬਣਵਾ ਕੇ ਕਾਂਸ਼ੀ ਸੰਸਕ੍ਰਿਤ ਵਿੱਦਿਆ ਸਿੱਖਣ ਲਈ ਭੇਜਿਆ। ਉਨ੍ਹਾਂ ਅਨੰਦਪੁਰ ਵਾਪਸ ਆ ਕੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣੀ ਅਰੰਭ ਕੀਤੀ। ਸੰਸਕ੍ਰਿਤ ਪੜ੍ਹਣ ਨਾਲ ਸਿੱਖਾਂ ਨੇ ਵੇਦਾਂ ਤੇ ਪੁਰਾਣਾਂ ਵਿਚ ਦਿੱਤਾ ਗਿਆਨ ਪ੍ਰਾਪਤ ਕਰ ਲਿਆ। ਉਨ੍ਹਾਂ ਸਿੱਖਾਂ ਵਿਚ ਬ੍ਰਾਹਮਣ ਦੀ ਕੀਮਤ ਖਤਮ ਹੋ ਗਈ। ਉਹ ਸਚਾਈ ਜਿਹੜੀ ਹਜ਼ਾਰਾਂ ਸਾਲ ਇਨ੍ਹਾਂ ਬ੍ਰਾਹਮਣਾਂ ਨੇ ਆਮ ਜਨਤਾ ਪਾਸੋਂ ਛੁਪਾ ਰਖੀ ਸੀ ਸਿੱਖਾਂ ਨੇ ਸਭ ਤਕ ਪਹੁੰਚਾ ਦਿੱਤੀ।

ਔਰੰਗਜ਼ੇਬ ਦੇ ਡਰ ਦੇ ਮਾਰੇ ਸ਼ੀਆ ਤੇ ਸੂਫੀ ਵਿਦਵਾਨ ਵੀ ਅਨੰਦਪੁਰ ਪੁਜ ਗਏ। ਭਾਈ ਨੰਦ ਨਾਲ ਨੂੰ ਵੀ ਬਹਾਦਰ ਸ਼ਾਹ ਨੇ ਗੁਰੂ ਜੀ ਪਾਸ ਭੇਜ ਦਿੱਤਾ ਜਦੋਂ ਔਰੰਗਜ਼ੇਬ ਨੇ ਨੰਦ ਲਾਲ ਨੂੰ ਮੁਸਲਮਾਨ ਬਣਾਏ ਜਾਣ ਦਾ ਹੁਕਮ ਕੀਤਾ। ਇਸ ਤਰ੍ਹਾਂ ਗੁਰੂ ਜੀ ਪਾਸ 52 ਕਵੀ ਹੋ ਗਏ। ਅਨੰਦਪੁਰ ਉਨ੍ਹਾਂ ਦਿਨਾਂ ਵਿਚ ਇਕ ਵਿੱਦਿਆ ਕੇਂਦਰ ਬਣ ਗਿਆ। ਜਿਹੜਾ ਸਿੱਖ ਗੁਰੂ ਦੇ ਦਰਸ਼ਨਾਂ ਲਈ ਆਉਂਦਾ, ਉਸ ਨੂੰ ਗੁਰਮੁਖੀ ਸਿੱਖੇ ਬਿਨਾ ਵਾਪਸ ਨਾ ਜਾਣ ਦਿੱਤਾ ਜਾਂਦਾ। ਉਸ ਨੂੰ ਬਾਣੀ ਕੰਠ ਕਰਵਾਈ ਜਾਂਦੀ। ਜਾਣ ਲਗੇ ਨੂੰ ਇਕ ਬਾਣੀ ਦੀ ਕਿਤਾਬ ਦਿੱਤੀ ਜਾਂਦੀ। ਸਿੱਖ ਵਾਪਸ ਪਿੰਡ ਜਾ ਕੇ ਆਪਣੇ ਰਿਸ਼ਤੇਦਾਰਾਂ ਤੇ ਹੋਰ ਮਿਲਣ ਵਾਲੇ ਦੋਸਤਾਂ ਨੂੰ ਬਾਣੀ ਕੰਠ ਕਟਵਾਉਂਦਾ ਤੇ ਅਨੰਦਪੁਰ ਪੁੱਜ ਕੇ ਗੁਰਮੁਖੀ ਸਿਖਣ ਦੀ ਪ੍ਰੇਰਨਾ ਕਰਦਾ। ਉਨ੍ਹਾਂ ਦਿਨਾਂ ਵਿਚ ਗੁਰੂ ਜੀ ਸਿੱਖਾਂ ਪਾਸੋਂ ਇਕੱਠੀ ਹੁੰਦੀ ਮਾਇਆ, ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਦੇਖ ਭਾਲ ਤੇ ਕਿਲ੍ਹਿਆਂ ਦੀ ਉਸਾਰੀ ਦੇ ਨਾਲ ਨਾਲ ਗੁਰੂ ਨਾਨਕ ਦੀ ਸਿੱਖਿਆ ਦਾ ਪਰਚਾਰ ਕਰਨ ਉੱਪਰ ਭੀ ਖਰਚ


ਕਰਦੇ।

ਉਨ੍ਹਾਂ ਨੇ ਸਿੱਖਾਂ ਵਿਚ ਬੀਰ ਰਸ ਪੈਦਾ ਕਰਨ ਲਈ ਕਵੀਆਂ ਪਾਸੋਂ ਵਾਰਾਂ ਲਿਖਵਾਈਆਂ, ਵਿਦਵਾਨਾਂ ਪਾਸੋਂ ਪੁਰਾਨਾਂ ਦੇ ਉਲੱਥੇ ਗੁਰਮੁਖੀ ਵਿਚ ਕਰਵਾਏ। ਪੁਰਾਨ ਜਿਹੜੇ ਸਚਾਈ ਨਾਲੋਂ ਕਿਤੇ ਵਧ ਦਾਨ, ਪੂਜਾ ਤੇ ਪਾਠਾਂ ਨਾਲ ਭਰੇ ਹੋਏ ਹਨ ਜਿਨ੍ਹਾਂ ਦੀ ਸਿੱਖਿਆ ਭੋਲੀ ਜਨਤਾ ਨੂੰ ਅੰਧ ਵਿਸ਼ਵਾਸੀ ਤੇ ਡਰਾਕਲ ਬਣਾਉਂਦੀ ਹੈ। ਗੁਰੂ ਜੀ ਨੇ ਪੁਰਾਨਾਂ ਦੇ ਵਿਸ਼ਿਆਂ ਉਪਰ ਵਾਰਾਂ ਲਿਖਵਾਈਆਂ ਜਿਨ੍ਹਾਂ ਵਿਚ ਬੀਰ ਰਸ ਭਰ ਦਿੱਤਾ ਤੇ ਪੱਥਰਾਂ ਦੀ ਪੂਜਾ ਕੱਢਵਾ ਦਿੱਤੀ। ਸਿੱਖਾਂ ਨੂੰ ਸ਼ਕਤੀ ਦੇ ਪੁਜਾਰੀ ਬਣਾ ਦਿੱਤਾ।

ਗੁਰੂ ਗੋਬਿੰਦ ਸਿੰਘ ਨੇ ਆਪ ਵੀ ਬਹੁਤ ਬਾਣੀ ਦੀ ਰਚਨਾ ਕੀਤੀ ਸੀ। ਅਨੰਦਪੁਰ ਛਡਣ ਸਮੇਂ ਉਹ ਗਰੰਥ ਖਚਰਾਂ ਉੱਪਰ ਲੱਦੇ ਹੋਏ ਸਨ। ਸਰਸਾ ਨਦੀ ਵਿਚ ਪਾਣੀ ਦਾ ਵਹਾ ਵਧਣ ਕਾਰਨ ਉਹ ਸਾਰੇ ਗਰੰਥ ਨਦੀ ਵਿਚ ਰੁੜ੍ਹ ਗਏ। ਉਨ੍ਹਾਂ ਦੀ ਰਚੀ ਹੋਈ ਬਾਣੀ ਵਿਚੋਂ ਬਹੁਤ ਥੋੜੀ ਬਾਣੀ ਬਚੀ ਜਿਵੇਂ ਜਾਪੁ ਸਾਹਿਬ, ਅਕਾਲ ਉਸਤਤਿ, ਸਵਈਏ, ਚੰਡੀ ਚਰਿਤ੍ਰ, ਚੌਬੀਸ ਅਵਤਾਰ, ਬਚਿਤ੍ਰ ਨਾਟਕ, ਪੀਰ ਮਹਿਦੀ, ਉਪ ਅਵਤਾਰ, ਵਾਰ ਭਗਉਤੀ ਜੀਕੀ, ਸ਼ਸ਼ਤਰ ਨਾਮ ਮਾਲਾ, ਗਿਆਨ ਪ੍ਰਬੋਧ, ਚਰਿਤ੍ਰ ਪਖਿਆਨ ਤੇ ਕੁਝ ਸ਼ਬਦ।

ਗੁਰੂ ਨਾਨਕ ਦੇ ਘਰ ਵਿਚ ਕੀਰਤਨ ਨੂੰ ਪ੍ਰਧਾਨ ਮੰਨਿਆ ਗਿਆ ਹੈ। ਔਰੰਗਜ਼ੇਬ ਸੁੰਨੀ ਮੁਸਲਮਾਨ ਸੀ। ਸੰਗੀਤ ਉਸ ਦੀ ਸ਼ਰਾਅ ਦੇ ਖਿਲਾਫ ਸੀ। 1670 ਈ: ਵਿਚ ਔਰੰਗਜ਼ੇਬ ਨੇ ਆਪਣੇ ਰਾਜ ਵਿਚ ਸੰਗੀਤ ਦਾ ਗਾਉਣਾ ਬੰਦ ਕਰ ਦਿੱਤਾ। ਸੰਗੀਤ ਦੇ ਕਲਾਕਾਰਾਂ ਅਨੰਦਪੁਰ ਆ ਡੇਰੇ ਲਾਏ ਜਿੱਥੇ ਉਨ੍ਹਾਂ ਦੀ ਵਿੱਦਿਆ ਨੂੰ ਸਨਮਾਨ ਪ੍ਰਾਪਤ ਸੀ। ਗੁਰੂ ਗੋਬਿੰਦ ਸਿੰਘ ਜੀ ਆਪ ਮ੍ਰਿਦੰਗ, ਜੋੜੀ ਤੇ ਸਿਰੰਦਾ ਬਹੁਤ ਸੋਹਣਾ ਵਜਾਉਂਦੇ ਸਨ।

ਗੁਰੂ ਜੀ ਦੇ ਹੁਕਮ ਨਾਲ ਅੰਨ੍ਹੇ ਮੰਗਤਿਆਂ ਨੂੰ ਸੰਗੀਤ ਦਾ ਗੁਣ ਦੇ ਕੇ ਉਨ੍ਹਾਂ ਨੂੰ ਆਪਣੇ ਪੈਰਾਂ ਉਪਰ ਖੜ੍ਹੇ ਕਰ ਦਿੱਤਾ ਗਿਆ ਜਿਹੜੇ ਗਲੀਆਂ ਵਿਚ ਮੰਗਦੇ ਫਿਰਦੇ ਸਨ ਤੇ ਦੂਜਿਆਂ ਉਪਰ ਭਾਰ ਬਣੇ ਹੋਏ ਸਨ।


ਅਨੰਦਪੁਰ ਸਿੱਖਿਆ ਕੇਂਦਰ
Anandpur an Education Centre

Anandpur an Education Centre

Munshi Sahib Chand was a reciter of Granth Sahib at Guru's institution. He also taught the Punjabi language to the children in his spare time. After arrival at Anandpur from Patna, Prince Gobind Rai started learning Punjabi from Munshi Sahib Chand. Learning the Punjabi language was important as the teachings of Guru Nanak were written in it. The Prince was very clever and intelligent. He learnt to recite the whole of the Granth Sahib by heart in less then six months.

Munshi Pir Mohammad was assigned the job of teaching Persian to the Prince as Persian was the official language in that era. Pandit Kirpa Ram Datt taught him Sanskrit, Hindi and Brij Bhasha. In time the Guru became a top scholar of Punjabi, Persian, Sanskrit and Hindi. In 1680 AD, the institutions teaching Sanskrit were closed down by the orders of Aurangzeb. The Guru sent invitations and travel expenses to the scholars of these institutions to come to Anandpur. On reaching Anandpur, they were employed on salaries in accordance with their abilities and qualifications.

In 1686 AD Pandit Raghu Nath refused to impart the knowledge of Sanskrit to Sikhs. In his view, only Brahmins (high caste Hindus) could learn Sanskrit. It was a sin to teach Sanskrit to others. He argued that by learning Sanskrit, people would be able to read the books which contained all the religious knowledge of the times. He was convinced of the fact that if he passed the knowledge of these books to the general public then they would learn the reality. The Brahmins would then not be able to bluff them or scare them in the name of numerous Gods. The Guru had gone through all of these books so he wanted that his Sikhs should also know what their ancestors had written. By a thorough reading the Sikhs would gain religious knowledge, then they would discard the baseless rituals.

The Guru asked five Sikhs to don saffron robes and sent them disguised as "Nirmala Saints" to Kanshi to learn Sanskrit. Upon completion of their studies, they returned back to Anandpur and started teaching Sanskrit to Sikhs. By learning Sanskrit, Sikhs got the knowledge written in Vedas and Puranas. The Brahmins lost their respect with them. The truth that Brahmins had kept hidden for generations from the general public was passed to them by the Sikhs.

Shi'ah (Muslim sect) and Sufi (Muslim Saints) men of learning also came to Anandpur for fear of Aurangzeb. Bhai Nand Lal also came to Anandpur. In this way, fifty two poets gathered around the Guru. Anandpur had become a place for learning. Those who came to visit the Guru, were not allowed to return without learning Punjabi and were encouraged to learn sacred hymns by heart. A small book containing Guru's hymns was given to them at the time of departure. The Sikhs upon returning back to their villages, taught their other relatives and friends the sacred hymns by heart and encouraged them to go to Anandpur and learn

Punjabi. Guru Gobind Singh used the money donated by the Sikhs, on propagating the teaching of Guru Nanak, constructing forts and looking after the buildings of the gurdwaras.

To instil courage in the Sikhs, the Guru got ballads written by the poets and had the ancient Purans (Hindu religious books) translated by the scholars in Punjabi. Purans, which eulogize charity, worship and recitations more important than truth. The teachings of these books teach people not to question the validity of truth but to follow them which make the people cowards and blind followers. The ballads of bravery written by the poets discouraged the stone worship. The Guru made Sikhs worshippers of Shakti (The power).

The Guru, himself, composed a number of ballads and hymns. At the time of leaving Anandpur, these books were laden on mules. Due to the heavy rains, the river Sirsa was in flood and the books were carried away by water. Only a small portion of the writing composed by the Guru was saved; namely Jap Sahib, Akal Ustat, Sawaiyas, Chandi Charitra, Chaubis Avtar, Var Bhagauti ji ki, Shastar Naam Mala, Gian Parbodh and some hymns of Charitar Pakhian.

Recitation of Guru's word set to music (Kirtan) is considered supreme in the institution of Guru Nanak. Aurangzeb was a Sunni Muslim. Music was against his tenets. Aurangzeb had banned music in his kingdom in 1670 AD. Musicians took their abode at Anandpur where their art was given a place of honour. Guru Gobind Singh himself played a number of musical instruments, such as Mardang, Jori and Sarinda, very well.

By orders of the Guru, blind beggars who begged in the streets and were a burden on others, were taught the art of music which helped them to stand on their feet.

ਬੁੱਧੂ ਸ਼ਾਹ ਦੀ ਕੁਰਬਾਨੀ

ਪੀਰ ਬੁੱਧੂ ਸ਼ਾਹ ਪਿੰਡ ਸਢੌਰਾ ਹਿਮਾਚਲ ਪ੍ਰਦੇਸ਼ ਦੇ ਰਹਿਣ ਵਾਲੇ ਇਕ ਮੁਸਲਮਾਨ ਫ਼ਕੀਰ ਸਨ। ਗੁਰੂ ਗੋਬਿੰਦ ਰਾਏ ਜੀ ਪਾਉਂਟਾ ਸਾਹਿਬ ਗਏ ਹੋਏ ਸਨ। ਉਨ੍ਹਾਂ ਦਿਨਾਂ ਵਿਚ ਪੀਰ ਜੀ ਵੀ ਪਹਾੜੀ ਇਲਾਕੇ ਦੀ ਸੈਰ ਕਰ ਰਹੇ ਸਨ। ਉਨ੍ਹਾਂ ਨੂੰ ਪਤਾ ਚਲਿਆ ਕਿ ਗੁਰੂ ਨਾਨਕ ਦੀ ਗੱਦੀ ਦਾ ਦਸਵਾਂ ਸਰੂਪ ਪਾਉਂਟੇ ਸਾਹਿਬ ਨਿਵਾਸ ਕਰ ਰਿਹਾ ਹੈ। ਉਹ ਪਾਲਕੀ ਉੱਪਰ ਬੈਠ ਕੇ ਗੁਰੂ ਜੀ ਪਾਸ ਪਾਉਂਟੇ ਪੁੱਜੇ, ਜਿਵੇਂ ਉਸ ਸਮੇਂ ਦੇ ਰਾਜੇ ਮਹਾਰਾਜੇ ਆਪਣੀ ਸ਼ਾਹੀ ਠਾਠ ਨਾਲ ਪਾਲਕੀਆਂ ਤੇ ਨੌਕਰਾਂ ਚਾਕਰਾਂ ਨਾਲ ਨਿਕਲਿਆ ਕਰਦੇ ਸਨ।

ਗੁਰੂ ਜੀ ਦੇ ਦਰਸ਼ਨ ਕਰਨ ਉੱਪਰ ਪੀਰ ਜੀ ਹੋਰਾਂ ਨੂੰ ਉਹ ਸ਼ਾਂਤੀ ਪ੍ਰਾਪਤ ਹੋਈ ਜਿਹੜੀ ਉਨ੍ਹਾਂ ਨੂੰ ਧਰਮੀ ਪੁਸਤਕਾਂ ਜਾਂ ਭਜਨ ਬੰਦਗੀ ਨਾ ਦੇ ਸਕੀ ਸੀ। ਗੁਰੂ ਜੀ ਨਾਲ ਵਿਚਾਰ ਵਟਾਂਦਰਾ ਕਰਕੇ ਉਨ੍ਹਾਂ ਦੇ ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ। ਵਾਪਸ ਸਢੌਰਾ ਜਾਣ ਸਮੇਂ ਉਨ੍ਹਾਂ ਦੇ ਮਨ ਵਿਚੋਂ "ਤੂੰ ਤੇ ਮੈਂ" ਦਾ ਭੇਦ ਖ਼ਤਮ ਹੋ ਗਿਆ ਸੀ।


ਪਹਿਲੀ ਮਿਲਣੀ ਪਿਛੋਂ ਹੀ ਪੀਰ ਬੁੱਧੂ ਸ਼ਾਹ ਦਾ ਗੁਰੂ ਜੀ ਪਾਸ ਆਉਣਾ ਸਧਾਰਨ ਹੋ ਗਿਆ। ਉਨ੍ਹਾਂ ਨੂੰ ਆਉਣ ਲਈ ਪਾਲਕੀ ਦੀ ਲੋੜ ਨਾ ਰਹੀ। ਉਨ੍ਹਾਂ ਨੇ ਦੇਖ ਲਿਆ ਕਿ ਗੁਰੂ ਜੀ ਦੀ ਲੜਾਈ ਕਿਸੇ ਰਾਜ ਲਈ ਨਹੀਂ, ਸਿਰਫ ਜ਼ੁਲਮ ਦੇ ਖ਼ਿਲਾਫ ਹੈ, ਜਿਹੜਾ ਗਰੀਬ ਜਨਤਾ ਉਪਰ ਹੋ ਰਿਹਾ ਸੀ। ਜ਼ੁਲਮ ਕਰਨ ਲਈ ਧਰਮ ਦੀ ਆੜ ਲਈ ਜਾ ਰਹੀ ਸੀ। ਪੀਰ ਹੋਰਾਂ ਪੰਜ ਸੌ ਪਠਾਣ ਗੁਰੂ ਜੀ ਪਾਸ ਭਰਤੀ ਕਰਵਾਏ ਜਿਨ੍ਹਾਂ ਨੂੰ ਔਰੰਗਜ਼ੇਬ ਦੀ ਫ਼ੌਜ ਵਿਚੋਂ ਸ਼ੀਆ ਹੋਣ ਦੇ ਨਾਤੇ ਕੱਢਿਆ ਗਿਆ ਸੀ।

ਪਹਾੜੀ ਰਾਜਿਆਂ ਭੰਗਾਣੀ ਦਾ ਯੁੱਧ ਸ਼ੁਰੂ ਕਰਨ ਤੋਂ ਪਹਿਲਾਂ ਪੰਜ ਸੌ ਪਠਾਣਾਂ ਵਿਚੋਂ ਲਾਲਚ ਦੇ ਕੇ ਚਾਰ ਸੌ ਪਠਾਣ ਆਪਣੇ ਨਾਲ ਗੰਢ ਲਏ। ਪਠਾਣਾਂ ਦੀ ਇਸ ਕਰਤੂਤ ਦਾ ਪੀਰ ਬੁੱਧੂ ਸ਼ਾਹ ਨੂੰ ਪਤਾ ਚਲਿਆ ਤਾਂ ਉਹ ਆਪਣੇ ਸੱਤ ਸੌ ਮੁਰੀਦ, ਚਾਰ ਪੁੱਤਰ ਤੇ ਦੋ ਭਰਾਵਾਂ ਨੂੰ ਲੈ ਗੁਰੂ ਜੀ ਦੀ ਮੱਦਦ ਲਈ ਪੁੱਜ ਗਏ। ਭੰਗਾਣੀ ਵਿਚ ਘੋਰ ਯੁੱਧ ਹੋਇਆ। ਇਸ ਯੁੱਧ ਵਿਚ ਉਨ੍ਹਾਂ ਦੇ ਦੋ ਪੁੱਤਰ ਸ਼ਹੀਦੀਆਂ ਪ੍ਰਾਪਤ ਕਰ ਗਏ। ਯੁੱਧ ਵਿਚ ਪਹਾੜੀ ਰਾਜੇ ਸਿੱਖਾਂ ਪਾਸੋਂ ਹਾਰ ਖਾ ਕੇ ਭੱਜ ਗਏ।

ਯੁੱਧ ਦੀ ਸਮਾਪਤੀ ਪਿਛੋਂ ਪੀਰ ਜੀ ਸਢੌਰਾ ਵਾਪਸ ਜਾਣ ਲਗੇ ਗੁਰੂ ਜੀ ਪਾਸੋਂ ਵਿਦਾਇਗੀ ਲੈਣ ਆਏ। ਪੀਰ ਜੀ ਨੂੰ ਗੁਰੂ ਜੀ ਨੇ ਪੁੱਛਿਆ, "ਪੀਰ ਜੀ, ਆਪ ਨੇ ਇਸ ਯੁੱਧ ਵਿਚ ਸਾਡੀ ਬਹੁਤ ਮੱਦਦ ਕੀਤੀ ਹੈ। ਆਪ ਦੀ ਕੋਈ ਖਾਸ ਮੰਗ ਹੋਵੇ ਤਾਂ ਆਪ ਦੱਸ ਸਕਦੇ ਹੋ। ਗੁਰੂ ਨਾਨਕ ਦੇ ਘਰ ਵਿਚੋਂ ਆਪ ਦੀ ਉਹ ਮੰਗ ਪੂਰੀ ਕੀਤੀ ਜਾਵੇਗੀ?"

ਉਸ ਸਮੇਂ ਗੁਰੂ ਜੀ ਕੇਸਾਂ ਵਿਚ ਕੰਘਾ ਕਰ ਰਹੇ ਸਨ। ਪੀਰ ਜੀ ਨੇ ਕਿਹਾ, "ਗੁਰੂ ਜੀ, ਆਪ ਮੇਰੀ ਸੇਵਾ ਉਪਰ ਨਿਹਾਲ ਹੋਏ ਹੋ ਤਾਂ ਮੈਨੂੰ ਇਹ ਕੰਘਾ ਤੇ ਇਸ ਨਾਲ ਸਾਫ਼ ਕੀਤੇ ਆਪਣੇ ਸੁੰਦਰ ਕੇਸ ਬਖਸ਼ਣ ਦੀ ਕ੍ਰਿਪਾਲਤਾ ਕਰੋ।" ਗੁਰੂ ਜੀ ਨੇ ਉਹ ਕੇਸਾਂ ਸਮੇਤ ਕੰਘਾ ਪੀਰ ਬੁੱਧੂ ਸ਼ਾਹ ਨੂੰ ਬਖਸ਼ ਦਿਤਾ। ਉਹ ਕੰਘਾ ਕੇਸਾਂ ਸਮੇਤ ਨਾਭੇ ਦੇ ਮਹਾਰਾਜੇ ਭਰਪੂਰ ਸਿੰਘ ਨੇ ਪੀਰ ਜੀ ਦੀ ਔਲਾਦ ਪਾਸੋਂ ਮੂੰਹ ਮੰਗੀ ਰਕਮ ਦੇ ਕੇ ਖ਼ਰੀਦ ਲਿਆ ਸੀ।

ਔਰੰਗਜ਼ੇਬ ਨੂੰ ਜਦੋਂ ਪਤਾ ਚਲਿਆ ਕਿ ਪੀਰ ਜੀ ਨੇ ਗੁਰੂ ਜੀ ਦੀ ਭੰਗਾਣੀ ਯੁੱਧ ਵਿਚ ਮੱਦਦ ਕੀਤੀ ਸੀ ਤਾਂ ਉਸ ਨੇ ਉਸਮਾਨ ਖ਼ਾਨ ਨੂੰ ਫ਼ੌਜ ਦੇ ਕੇ ਸਢੌਰਾ ਭੇਜਿਆ। ਉਸਮਾਨ ਖ਼ਾਨ ਨੇ ਪੀਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਗੁਰੂ ਜੀ ਦੀ ਮੱਦਦ ਕਰਨ ਦੀ ਸਜ਼ਾ ਵਜੋਂ ਉਸ ਨੂੰ ਜ਼ਿੰਦਾ ਜ਼ਮੀਨ ਵਿਚ ਦਬਾ ਕੇ ਸ਼ਹੀਦ ਕਰ ਦਿੱਤਾ।


Sacrifice of Budhu Shah
ਬੁੱਧੂ ਸ਼ਾਹ ਦੀ ਕੁਰਬਾਨੀ

Sacrifice of Budhu Shah

Pir Budhu Shah was a Muslim saint who lived at Sidhaura in Himachal Pradesh. While Guru Gobind Rai was staying at Paonta, the Pir was touring the hilly areas. The Pir came to know that Guru Gobind Rai, the tenth embodiment in the line of Guru Nanak, was staying at Paonta. He went to see the Guru, in a planquin, as it was the fashion among kings and emperors of those times to move with royal pomp and show, in planquins, with attendants and servants

The audience with the Guru gave him the peace of mind which the study of religious books, prayers and meditation had not given. His mind was cleared of all doubts after exchange of views with the Guru. The difference of 'That is yours and this is mine' had disappeared from his mind. The Pir could see everything belongs to one God, when he left for Sidhaura.

After the first meeting it became routine for Pir Budhu Shah to visit the Guru. He no more needed a planquin to visit the Guru. He came to realise that the Guru's fight was not for any kingdom but against the tyranny which was being perpetrated against the poor people. Religion was being used as an excuse to commit tyranny. He got five hundred Pathans (Natives of Afghanistan) who had been dismissed from Aurangzeb's army for being Shi'ah Muslim, enrolled with the Guru.

Before starting the' War of Bhangani', the hill states' rajas tempted and enticed four hundred of these five hundred Pathans to join them. When Pir Budhu Shah came to know this disloyalty of the Pathans, he came to the Guru's aid with his seven hundred followers, four sons and two brothers. Fierce battle was fought at Bhangani. Two of his sons attained martyrdom in the battle. The army of the hill rajas suffered heavy casualties in the war and their forces were routed.

After the war was over, the Pir came to take leave from the Guru to go back to Sidhaura. The Guru asked the Pir, "You have rendered great help to me in this war. You may ask if you have any special wish. Your wish will be fulfilled from the 'House of Nanak'." At the time, the Guru was combing his hair. The Pir said to the Guru, "If you are so pleased with my services, be kind enough to grant me this comb with your hair entangled in it."

The Guru gave the comb with the hair to Pir Budhu Shah. Later on Maharaja Bharpur Singh of Nabha state obtained that comb and hair from the descendants of the Pir after paying the sum asked by them.

When Aurangzeb came to know that the Pir had helped the Guru in the 'War of Bhangani', he sent Usman Khan with a force to Sidhaura. Usman Khan arrested the Pir. To punish the Pir for helping the Guru he was martyred by burying alive.

ਰੈੱਡ ਕਰਾਸ

ਭਾਈ ਘਨਈਆ ਜੀ ਪਿੰਡ ਸੋਦਰਾ ਜ਼ਿਲਾ ਗੁੱਜਰਾਂਵਾਲੇ ਦੇ ਰਹਿਣ ਵਾਲੇ ਸਨ। ਆਪ ਪਹਿਲੀ ਵਾਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਆਏ। ਗੁਰੂ ਜੀ ਦੇ ਦਰਸ਼ਨ ਕਰਨ ਪਿਛੋਂ ਆਪ ਨੂੰ ਬਹੁਤ ਅਨੰਦ ਪ੍ਰਾਪਤ ਹੋਇਆ। ਉਸ ਅਨੰਦ ਨੂੰ ਹਰ ਸਮੇਂ ਮਾਨਣ ਲਈ ਆਪ ਗੁਰੂ ਘਰ ਵਿਚ ਹੀ ਰਹਿ ਪਏ। ਆਪ ਨੂੰ ਗੁਰੂ ਦੇ ਲੰਗਰ ਵਿਚ ਪਾਣੀ ਦੀ ਸੇਵਾ ਸੰਭਾਲ ਦਿੱਤੀ ਗਈ।

ਭੰਗਾਣੀ ਦਾ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਗੁਰੂ ਗੋਬਿੰਦ ਰਾਏ ਜੀ ਨੇ ਆਪ ਨੂੰ ਜੰਗ ਦੇ ਮੈਦਾਨ ਵਿਚ ਲੋੜਵੰਦਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਬਖ਼ਸ਼ੀ। 15 ਅਪਰੈਲ 1687 ਨੂੰ ਪਹਾੜੀ ਰਾਜਿਆਂ ਚਾਰ ਸੌ ਪਠਾਣਾਂ ਨੂੰ ਨਾਲ ਮਿਲਾ ਕੇ ਸਿੱਖਾਂ ਉਪਰ ਹਮਲਾ ਕਰ ਦਿੱਤਾ। ਰਣਭੂਮੀ ਵਿਚ ਜਿਸ ਨੂੰ ਪਿਆਸ ਲਗਦੀ, ਉਹ ਭਾਈ ਘਨਈਆ ਜੀ ਪਾਸ ਪੁਜ ਜਾਂਦਾ। ਆਪ ਉਸ ਨੂੰ ਪਾਣੀ ਪਿਲਾ ਦਿੰਦੇ। ਹਿੰਦੂ, ਮੁਸਲਮਾਨ, ਸਿੱਖ ਤੇ ਪਠਾਣ ਆਪ ਪਾਸੋਂ ਪਾਣੀ ਪੀ ਕੇ, ਤਾਜ਼ਾ ਦਮ ਹੋ ਕੇ ਫਿਰ ਯੁੱਧ ਵਿਚ ਜੁਟ ਜਾਂਦੇ।


ਸਿੱਖਾਂ ਨੇ ਜਦੋਂ ਭਾਈ ਘਨਈਆ ਜੀ ਨੂੰ ਪਠਾਣਾਂ, ਮੁਸਲਮਾਨਾਂ ਤੇ ਪਹਾੜੀ ਰਾਜਿਆਂ ਦੇ ਸਿਪਾਹੀਆਂ ਨੂੰ ਪਾਣੀ ਪਿਲਾਉਂਦੇ ਤੱਕਿਆ ਤਾਂ ਉਹ ਸਹਾਰ ਨਾ ਸਕੇ। ਸਿੱਖਾਂ ਸੋਚਿਆ "ਭਾਈ ਘਨਈਆ ਜੇ ਦੁਸ਼ਮਣ ਦੇ ਫੱਟੜਾਂ ਨੂੰ ਪਾਣੀ ਨਾ ਪਿਲਾਵੇ ਤਾਂ ਉਹ ਜ਼ਰੂਰ ਪਿਆਸ ਨਾਲ ਦਮ ਤੋੜ ਦੇਣ।" ਸਿੱਖਾਂ ਨੇ ਜਾ ਕੇ ਗੁਰੂ ਜੀ ਪਾਸ ਸ਼ਕਾਇਤ ਕੀਤੀ। ਸਾਰੀ ਕਹਾਣੀ ਦੱਸਣ ਪਿਛੋਂ ਉਨ੍ਹਾਂ ਬੇਨਤੀ ਕੀਤੀ ਕਿ ਉਸ ਨੂੰ ਦੁਸ਼ਮਣ ਦੇ ਸਿਪਾਹੀਆਂ ਨੂੰ ਪਾਣੀ ਪਿਲਾਉਣ ਤੋਂ ਰੋਕਿਆ ਜਾਵੇ।

ਗੁਰੂ ਜੀ ਨੇ ਭਾਈ ਘਨਈਆ ਨੂੰ ਬੁਲਾ ਕੇ ਪੁੱਛਿਆ, "ਭਾਈ, ਕੀ ਇਹ ਸੱਚ ਹੈ ਕਿ ਤੂੰ ਵੈਰੀਆਂ ਦੇ ਸਿਪਾਹੀਆਂ ਨੂੰ ਪਾਣੀ ਪਿਲਾ ਕੇ ਸਿੱਖਾਂ ਨਾਲ ਲੜਨ ਲਈ ਫਿਰ ਤਿਆਰ ਕਰ ਦਿੰਦਾ ਹੈਂ ਜਿਨ੍ਹਾਂ ਨੂੰ ਇਹ ਜ਼ਖ਼ਮੀ ਤੇ ਫੱਟੜ ਕਰਦੇ ਹਨ?"

ਭਾਈ ਘਨਈਆ ਨੇ ਉਤਰ ਦਿਤਾ, "ਸੱਚੇ ਪਾਤਸ਼ਾਹ, ਮੈਨੂੰ ਤਾਂ ਕੋਈ ਵੈਰੀ ਨਜ਼ਰ ਆਉਂਦਾ ਹੀ ਨਹੀਂ। ਸਾਰੇ ਪਾਸੇ ਆਪ ਹੀ ਨਜ਼ਰ ਆਉਂਦੇ ਹੋ। ਮੈਂ ਕਿਸ ਨੂੰ ਪਾਣੀ ਪਿਲਾਵਾਂ ਤੇ ਫਿਰ ਕਿਸ ਨੂੰ ਜਵਾਬ ਦੇਵਾਂ। ਮੇਰੇ ਪਾਸ ਜਿਹੜਾ ਵੀ ਆ ਕੇ ਲੋੜਵੰਦ ਪਾਣੀ ਦੀ ਮੰਗ ਕਰਦਾ ਹੈ, ਮੈਂ ਉਸ ਨੂੰ ਪਾਣੀ ਪਿਲਾ ਦਿੰਦਾ ਹਾਂ। ਆਪ ਨੇ ਹੀ ਮੈਨੂੰ ਇਸ ਯੁੱਧ ਵਿਚ ਲੋੜਵੰਦ ਨੂੰ ਪਾਣੀ ਪਿਲਾਉਣ ਦੀ ਸੇਵਾ ਸੌਂਪੀ ਹੈ।"

ਗੁਰੂ ਜੀ, ਭਾਈ ਘਨਈਆ ਜੀ ਦਾ ਉੱਤਰ ਸੁਣ ਕੇ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਆਪਣੇ ਪਾਸੋਂ ਭਾਈ ਘਨਈਆ ਜੀ ਨੂੰ ਮਲ੍ਹਮ ਪੱਟੀ ਫੜਾਉਂਦੇ ਹੋਏ ਕਿਹਾ, "ਭਾਈ, ਅੱਗੇ ਲਈ ਤੁਸੀ ਪਾਣੀ ਦੀ ਸੇਵਾ ਦੇ ਨਾਲ ਨਾਲ ਫੱਟੜਾਂ ਦੀ ਮਲ੍ਹਮ ਪੱਟੀ ਦਾ ਕੰਮ ਵੀ ਕਰਨਾ। ਇਸ ਕੰਮ ਲਈ ਆਪਣੇ ਨਾਲ ਕੁਝ ਹੋਰ ਸਿੱਖਾਂ ਨੂੰ ਭੀ ਲੈ ਲਵੋ ਤੇ ਜੱਥਾ ਤਿਆਰ ਕਰ ਲਵੋ। ਤੁਸੀਂ ਉਸ ਜੱਥੇ ਦੇ ਮੁੱਖੀਏ ਹੋਵੋਗੇ।"

ਭਾਈ ਘਨਈਆ ਜੀ ਨੇ ਉਸ ਤਰ੍ਹਾਂ ਹੀ ਕੀਤਾ। ਸਿੱਖਾਂ ਦਾ ਇਕ ਜੱਥਾ ਤਿਆਰ ਕਰ ਲਿਆ। ਆਪ ਉਸ ਦੇ ਮੁਖੀਏ ਬਣ ਗਏ। ਇਹ ਸਭ ਤੋਂ ਪਹਿਲੀ "ਰੈੱਡ ਕਰਾਸ" ਦੀ ਸੇਵਾ ਦਾ ਅਰੰਭ ਸੀ। ਉਸ ਤੋਂ ਪਿਛੋਂ ਜ਼ਖ਼ਮੀਆਂ ਤੇ ਲੋੜਵੰਦਾਂ ਦੀ ਦੇਖਭਾਲ ਕਰਨ ਵਾਲੇ ਜੱਥੇ ਆਪਣੇ ਆਪ ਨੂੰ "ਸੇਵਾ ਪੰਥੀ" ਅਖਵਾਉਣ ਲਗੇ। ਗੁਰੂ ਗੋਬਿੰਦ ਰਾਏ ਦੀਆਂ ਨਜ਼ਰਾਂ ਵਿਚ ਕੋਈ ਵੈਰੀ ਜਾਂ ਬਿਗਾਨਾ ਨਹੀਂ ਸੀ। ਸਾਰੇ ਉਸ ਇਕ ਮਾਲਕ ਦੇ ਪੈਦਾ ਕੀਤੇ ਹੋਏ ਸਨ। ਉਨ੍ਹਾਂ ਦੀ ਲੜਾਈ ਸਿਰਫ ਗਰੀਬਾਂ ਉਪਰ ਹੁੰਦੇ ਅਤਿਆਚਾਰ ਨੂੰ ਰੋਕਣ ਲਈ ਸੀ।


ਰੈੱਡ ਕਰਾਸ
The Red Cross

The Red Cross

Bhai Kanahiya was a resident of village Sodhara, district Gujranwala. He came to Anandpur for the first time to have an audience with Guru Tegh Bahadur. He was delighted by the audience. To feel that bliss all the time he stayed on in the Guru's institution. He was entrusted the service of fetching water for the community kitchen.

Before the start of the Battle of Bhangani, Guru Gobind Rai bestowed upon him the duty of serving water to the needy in the battlefield. On the 15th April 1687, the hill states, rajas, weaning away four hundred Pathans (Natives of Afghanistan), attacked the Sikhs. In the battlefield whosoever was thirsty came to Bhai Kanahiya. He served them water. Hindus, Muslims, Sikhs and Pathans were given a drink of water by him. Thus refreshed, they again took to fighting.

When the Sikhs saw Bhai Kanahiya serving water to their enemy, they were annoyed. The Sikhs thought, "If Bhai Kanahiya does not serve water to the wounded soldiers of the enemy, they will surely die of thirst." The Sikhs went to the Guru and complained about it. After narrating the whole story they beseeched that Bhai Kanahiya be prevented from serving water to the enemy.

The Guru called Bhai Kanahiya and asked him, "Brother, is it true that you are serving water to the enemy soldiers who are thirsty and wounded by the Sikhs, thus refreshing them to fight against them again?"

Bhai Kanahiya replied, "O' True lord, I do not see any enemy. I behold you everywhere. Whom should I serve water and to whom should I refuse? I serve water to everyone who is in need and comes to me. You, yourself, have bestowed the service of giving water to those in need."

The Guru was very pleased to hear the answer of Bhai Kanahiya. Giving him balm and bandages, the Guru said to him, "Bhai Kanahiya, from now on, besides serving water, you should also bandage the wounded. Take some other Sikhs with you and raise a team. You will be the leader of this band."

Bhai Kanahiya did as directed. He set up a band of the Sikhs. He himself became the head of that band. This was the beginning of the first 'Red Cross service'. Afterwards the bands looking after the needy and wounded began identifying themselves as 'Sewa Panthi'

ਧਰਮ ਦੇ ਆਗੂ — ਪੰਜ ਪਿਆਰੇ

ਗੁਰੂ ਤੇਗ ਬਹਾਦਰ ਜੀ ਦੇ ਦਿੱਲੀ ਵਿਚ ਸ਼ਹੀਦੀ ਦੇਣ ਪਿਛੋਂ ਗੁਰੂ ਨਾਨਕ ਦੇ ਘਰ ਦੀ ਸੋਭਾ ਦੇਸ਼ ਦੇ ਕੋਨੇ ਕੋਨੇ ਤਕ ਫੈਲ ਗਈ। ਗੁਰੂ ਗੋਬਿੰਦ ਰਾਏ ਦੇ ਦਰਸ਼ਨ ਕਰਨ ਲਈ ਅਮੀਰ ਗਰੀਬ ਅਨੰਦਪੁਰ ਪੁੱਜਣ ਲਗੇ।

ਗੁਰੂ ਜੀ ਨੇ ਸਿੱਖਾਂ ਪਾਸੋਂ ਦਸਵੰਧ ਇਕੱਠੀ ਕਰਨ ਵਾਲੇ ਮਸੰਦ ਹਟਾ ਦਿੱਤੇ। ਸਿੱਖ ਸੰਗਤਾਂ ਆਪਣਾ ਦਸਵੰਧ ਆਪ ਅਨੰਦਪੁਰ ਲੈ ਕੇ ਪੁੱਜਣ ਲੱਗੀਆਂ। ਸੰਗਤਾਂ ਦਾ ਪਿਆਰ ਗੁਰੂ ਘਰ ਨਾਲ ਵਧ ਗਿਆ ਤੇ ਗੁਰੂ ਦੇ ਦਰਸ਼ਨ ਕਰਕੇ ਹੋਰ ਅਨੰਦ ਮਾਨਣ ਲੱਗੀਆਂ। ਗੁਰੂ ਪਾਸ ਦਸਵੰਧ ਲੈ ਕੇ ਆਉਣ ਵਾਲੀਆਂ ਸੰਗਤਾਂ ਨੂੰ ਰਸਤੇ ਵਿਚ ਮੁਸਲਮਾਨਾਂ, ਰੰਘੜਾਂ, ਗੁਜਰਾਂ ਤੇ ਹੋਰ ਲੁਟੇਰਿਆਂ ਤੰਗ ਕਰਨਾ ਸ਼ੁਰੂ ਕਰ ਦਿੱਤਾ। ਰਸਤੇ ਦੀ ਲੁਟ ਮਾਰ ਤੋਂ ਬਚਣ ਲਈ ਸੰਗਤਾਂ ਨੇ ਸ਼ਸਤਰ ਰਖਣੇ ਸ਼ੁਰੂ ਕਰ ਦਿਤੇ। ਲੋੜ ਪੈਣ ਉਪਰ ਉਨ੍ਹਾਂ ਦੀ ਵਰਤੋਂ ਭੀ ਕਰ ਲੈਂਦੀਆਂ। ਉਹ ਛੋਟੀਆਂ ਝੜਪਾਂ ਸਹਿਮੀਆਂ ਜਾਤੀਆਂ ਦੇ ਜਾਗਣ ਦੀ ਬਹੁਤ ਵੱਡੀ ਗਵਾਹੀ ਸੀ। ਸਿੱਖ ਸੰਗਤਾਂ ਸ਼ਸਤਰ ਜ਼ਰੂਰ ਰਖਦੀਆਂ ਸਨ ਤੇ ਸ਼ਸਤਰ ਵਿਦਿਆ ਤੋਂ ਜਾਣੂ ਸਨ ਪਰ ਸ਼ਸਤਰਧਾਰੀ ਨਹੀਂ ਸਨ।

ਗੁਰੂ ਜੀ ਨੇ ਚੰਗਾ ਸਮਾਂ ਦੇਖ ਕੇ ਸਿੱਖਾਂ ਨੂੰ ਸ਼ਸਤਰਧਾਰੀ ਕਰਨ ਦਾ ਪ੍ਰੋਗਰਾਮ ਬਣਾਇਆ। ਉਨ੍ਹਾਂ ਸਿੱਖ ਸੰਗਤਾਂ ਨੂੰ 30 ਮਾਰਚ 1699 ਨੂੰ ਵਿਸਾਖੀ ਵਾਲੇ ਦਿਨ ਅਨੰਦ ਪੁਰ ਇਕੱਠੇ ਹੋਣ ਲਈ ਸੱਦੇ ਪੱਤਰ ਭੇਜੇ। ਆਸਾ ਦੀ ਵਾਰ ਦਾ ਕੀਰਤਨ ਸਮਾਪਤ ਹੋਣ ਉਪਰੰਤ ਗੁਰੂ ਜੀ ਦੀਵਾਨ ਵਿਚ ਇਕ ਚਮਕਦੀ ਤਲਵਾਰ ਲੈ ਕੇ ਹਾਜ਼ਰ ਹੋਏ। ਉਨ੍ਹਾਂ ਸੰਗਤ ਨੂੰ ਉਹ ਤਲਵਾਰ ਦਿਖਾਉਂਦੇ ਹੋਏ ਬੜੀ ਕੜਕਵੀਂ ਆਵਾਜ਼ ਵਿਚ ਕਿਹਾ, "ਸਾਨੂੰ ਇਕ ਸੀਸ ਦੀ ਲੋੜ ਹੈ। ਹੈ ਕੋਈ ਸਿੱਖ ਜਿਹੜਾ ਆਪਣੇ ਗੁਰੂ ਨੂੰ ਸੀਸ ਭੇਟ ਕਰ ਸਕੇ?"

ਗੁਰੂ ਜੀ ਦੇ ਹੱਥ ਵਿਚ ਨੰਗੀ ਤਲਵਾਰ ਤੇ ਇਕ ਸੀਸ ਦੀ ਮੰਗ ਦੇ ਡਰ ਨਾਲ ਸੰਗਤ ਸਹਿਮ ਗਈ। ਸਾਰੇ ਪਾਸੇ ਚੁੱਪ ਛਾ ਗਈ। ਤੀਸਰੀ ਵਾਰੀ ਆਵਾਜ਼ ਦੇਣ ਉਪਰ ਭਾ: ਦਇਆ ਰਾਮ ਲਾਹੌਰ ਦੇ ਖੱਤਰੀ ਨੇ ਉਠ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਇਹ ਤਨ ਮਨ ਸਭ ਆਪ ਦਾ ਹੈ ਤੇ ਆਪ ਅੱਗੇ ਹਾਜ਼ਰ ਹੈ। ਮੈਂ ਆਪ ਦੀ ਪਹਿਲੀ ਆਵਾਜ਼ ਉਪਰ ਹਾਜ਼ਰ ਨਾ ਹੋਣ ਦੀ ਮੁਆਫ਼ੀ ਮੰਗਦਾ ਹਾਂ।"

ਗੁਰੂ ਜੀ ਨੇ ਉਸ ਨੂੰ ਬਾਹੋਂ ਪਕੜਿਆ ਤੇ ਤੰਬੂ ਵਿਚ ਲੈ ਗਏ। ਡਰੀ ਤੇ ਸਹਿਮੀ ਹੋਈ ਸੰਗਤ ਨੂੰ ਤੰਬੂ ਵਿਚੋਂ ਆਵਾਜ਼ ਸੁਣਾਈ ਦਿੱਤੀ ਜਿਵੇਂ ਗੁਰੂ ਜੀ ਨੇ ਭਾਈ ਦਇਆ ਰਾਮ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ ਹੋਵੇ।

ਗੁਰੂ ਜੀ ਨੇ ਫਿਰ ਦੀਵਾਨ ਵਿਚ ਹਾਜ਼ਰ ਹੋ ਕੇ ਇਕ ਹੋਰ ਸੀਸ ਦੀ ਮੰਗ ਕੀਤੀ। ਇਸ ਵਾਰੀ ਭਾਈ ਧਰਮ ਦਾਸ ਦਿੱਲੀ ਦੇ ਜੱਟ ਨੇ ਆਪਣਾ ਸੀਸ ਭੇਟ ਕੀਤਾ। ਇਸ ਤਰ੍ਹਾਂ ਤਿੰਨ ਹੋਰ ਸਿੱਖਾਂ ਜਗਨਨਾਥ ਪੁਰੀ, ਉੜੀਸਾ ਦੇ ਭਾਈ ਹਿੰਮਤ ਰਾਏ ਝਿਊਰ, ਦੁਆਰਕਾ, ਗੁਜਰਾਤ ਦੇ ਭਾਈ ਮੋਹਕਮ ਚੰਦ ਛੀਂਬੇ ਅਤੇ ਆਂਧਰਾ ਬਿਦਰ ਦੇ ਭਾਈ ਸਾਹਿਬ ਚੰਦ ਨੇ ਸੀਸ ਭੇਟ ਕੀਤੇ।

ਪੰਜਾਂ ਸਿੱਖਾਂ ਦੇ ਸੀਸ ਭੇਟ ਕਰਨ ਪਿਛੋਂ ਗੁਰੂ ਜੀ ਨੇ ਤੰਬੂ ਵਿਚੋਂ ਉਨ੍ਹਾਂ ਪੰਜਾਂ ਸਿੱਖਾਂ ਨੂੰ ਦੀਵਾਨ ਵਿਚ ਹਾਜ਼ਰ ਕੀਤਾ ਜਿਹੜੇ ਪੂਰੇ ਸਜੇ ਹੋਏ ਸਿੰਘ ਸਨ। ਉਹ ਪੰਜ ਪਿਆਰੇ ਸਨ ਜਿਨ੍ਹਾਂ ਨੇ ਆਪਣੇ ਸੀਸ ਗੁਰੂ ਜੀ ਦੀ ਭੇਟ ਕੀਤੇ ਸਨ।

ਗੁਰੂ ਜੀ ਨੇ ਇਕ ਲੋਹੇ ਦੇ ਬਾਟੇ ਵਿਚ ਸਤਲੁਜ ਨਦੀ ਦਾ ਜਲ ਤੇ ਪਤਾਸੇ ਪਾਏ। ਗੁਰੂ ਜੀ ਤੇ ਪੰਜ ਪਿਆਰੇ ਉਸ ਬਾਟੇ ਦੇ ਦੁਆਲੇ ਬੈਠ ਗਏ। ਇਕ ਖੰਡਾ ਲੈ ਕੇ ਗੁਰੂ ਜੀ ਨੇ ਉਸ ਬਾਟੇ ਦੇ ਜਲ ਨੂੰ ਹਿਲਾਉਣਾ ਸ਼ੁਰੂ ਕੀਤਾ ਤੇ ਪੰਜ ਬਾਣੀਆਂ ਜਪੁਜੀ, ਜਾਪ ਸਾਹਿਬ, ਸਵਈਏ, ਚੌਪਈ ਤੇ ਆਨੰਦ ਸਾਹਿਬ ਦਾ ਪਾਠ ਕਰਨਾ ਅਰੰਭ ਕੀਤਾ।

ਪਾਠ ਦੇ ਭੋਗ ਪੈਣ ਉੱਪਰ ਗੁਰੂ ਜੀ ਨੇ ਕਿਹਾ, "ਇਹ ਅਮ੍ਰਿਤ ਤਿਆਰ ਹੋ ਗਿਆ ਹੈ। ਇਸ ਅੰਮ੍ਰਿਤ ਨਾਲ ਖਾਲਸਾ ਤਿਆਰ ਕੀਤਾ ਜਾਵੇਗਾ। ਖਾਲਸਾ ਵਾਹਿਗੁਰੂ ਦੀ ਫ਼ੌਜ ਹੋਵੇਗੀ। ਖਾਲਸਾ ਜ਼ੁਲਮ ਦਾ ਨਾਸ਼ ਕਰੇਗਾ।"

ਖੰਡੇ ਤੇ ਬਾਣੀ ਨਾਲ ਤਿਆਰ ਕੀਤਾ ਅੰਮ੍ਰਿਤ ਪੰਜ ਪਿਆਰਿਆਂ ਨੂੰ ਛਕਾਇਆ ਗਿਆ। ਉਨ੍ਹਾਂ ਦੇ ਕੇਸਾਂ, ਦਸਵੇਂ ਦੁਆਰ ਤੇ ਅੱਖਾਂ ਵਿਚ ਅੰਮ੍ਰਿਤ ਦੇ ਛਿੱਟੇ ਮਾਰੇ ਗਏ। ਪੰਜ ਪਿਆਰਿਆਂ ਦੇ ਅੰਮ੍ਰਿਤ ਛੱਕਣ ਉਪਰ ਖਾਲਸੇ ਦੀ ਸਾਜਨਾ ਹੋ ਗਈ।

ਗੁਰੂ ਜੀ ਨੇ ਖਾਲਸੇ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਭੀ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਖਾਲਸਾ ਬਣਾ ਲਿਆ ਜਾਵੇ। ਗੁਰੂ ਗੋਬਿੰਦ ਰਾਏ ਅੰਮ੍ਰਿਤ ਪਾਨ ਕਰ ਕੇ ਗੁਰੂ ਗੋਬਿੰਦ ਸਿੰਘ ਹੋ ਗਏ।

ਗੁਰੂ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਸਿੰਘ ਬਣਾ ਦਿੱਤਾ ਤੇ ਇਸਤ੍ਰੀਆਂ ਨੂੰ ਕੌਰ ਦੀ ਪਦਵੀ ਦੇ ਦਿੱਤੀ। ਬ੍ਰਾਹਮਣਾਂ ਦੇ ਬਣਾਏ ਹੋਏ ਚਾਰੇ ਵਰਨਾਂ ਦਾ ਮੱਤਭੇਦ ਖ਼ਤਮ ਕਰ ਦਿੱਤਾ। ਇਸ ਨਾਲ ਸਿੱਖਾਂ ਵਿਚੋਂ ਉਚ ਨੀਚ ਖ਼ਤਮ ਹੋ ਗਈ। ਸਾਰੇ ਸਿੰਘ ਭਰਾ ਭਰਾ ਹੋ ਗਏ। ਸਿੰਘਾਂ ਦੇ ਮਨਾਂ ਵਿਚੋਂ ਹਉਮੈ ਦੀ ਮੈਲ ਕੱਢ ਕੇ ਖਾਲਸ ਬਣਾ ਦਿੱਤਾ।

ਗੁਰੂ ਜੀ ਨੇ ਪੰਜ ਕਕਾਰ : ਕੇਸ, ਕੰਘਾ, ਕੜਾ, ਕ੍ਰਿਪਾਨ ਤੇ ਕਛਹਿਰਾ ਸਿੰਘਾਂ ਨੂੰ ਆਪਣੇ ਤਨ 'ਤੇ ਸਦਾ ਲਈ ਸਜਾਏ ਰਖਣ ਦਾ ਆਦੇਸ਼ ਦਿੱਤਾ। ਚਾਰ ਕੁਰਹਿਤਾਂ: ਪਰਾਈ ਇਸਤ੍ਰੀ ਦਾ ਸੰਗ, ਕੁੱਠਾ ਮਾਸ ਜਾ ਹਲਾਲ ਦਾ ਖਾਣਾ, ਨਸ਼ਿਆਂ ਦੀ ਵਰਤੋਂ ਤੇ ਕੇਸਾਂ ਦੀ ਬੇਅਦਬੀ, ''ਭਾਵ ਕੇਸ ਕਟਣਾ'' ਤੋਂ ਵਰਜ ਕੇ ਪੰਜ ਬਾਣੀਆਂ ਦੇ ਨਿੱਤਨੇਮ ਦੁਆਰਾ ਵਾਹਿਗੁਰੂ ਨਾਲ ਜੋੜ ਦਿੱਤਾ। ਖਾਲਸੇ ਨੂੰ ਸੰਤ-ਸਿਪਾਹੀ ਸਜਾ ਦਿੱਤਾ।

ਧਿਆਨ ਦੇਣ ਵਾਲੀ ਤੇ ਵਿਚਾਰ ਕਰਨ ਵਾਲੀ ਗੱਲ ਹੈ ਕਿ ਜਿਨ੍ਹਾਂ ਪੰਜ ਪਿਆਰਿਆਂ ਸੀਸ ਹਾਜ਼ਰ ਕੀਤੇ ਸਨ ਉਹ ਸਭ ਅਲੱਗ ਅਲੱਗ ਸੂਬੇ ਜਾਂ ਸਟੇਟ ਦੇ ਰਹਿਣ ਵਾਲੇ ਸਨ। ਉਨ੍ਹਾਂ ਵਿਚੋਂ ਸਿਰਫ ਇਕ ਲਾਹੌਰ ਪੰਜਾਬ ਦੇ ਰਹਿਣ ਵਾਲਾ ਸੀ। ਪੰਜਾਂ ਦੇ ਕੰਮ ਕਾਰ ਵੀ ਵਖਰੇ ਸਨ ਤੇ ਉਨ੍ਹਾਂ ਦੀਆਂ ਬੋਲੀਆਂ ਵੀ ਵਖਰੀਆਂ ਸਨ। ਇਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦਿਨਾਂ ਵਿਚ ਸਿੱਖੀ ਦਾ ਬੂਟਾ ਕਿੱਥੇ ਤਕ ਫੈਲਿਆ ਹੋਇਆ ਸੀ। ਗੁਰੂ ਘਰ ਦੇ ਸ਼ਰਧਾਲੂ ਸਿਰਫ਼ ਪੰਜਾਬ ਤੇ ਦਿੱਲੀ ਵਿਚ ਹੀ ਨਹੀਂ ਸਨ ਸਗੋਂ ਉੜੀਸਾ ਤੇ ਆਂਧਰਾ ਪ੍ਰਦੇਸ਼ ਤੱਕ ਦੇ ਸਨ। ਸਾਰਾ ਭਾਰਤ ਹੀ ਉਸ ਹੁੰਦੇ ਜ਼ੁਲਮ ਤੋਂ ਤੰਗ ਸੀ ਤੇ ਛੁਟਕਾਰਾ ਪਾਉਣ ਦੇ ਲਈ ਤਨ ਮਨ ਤੇ ਧਨ ਵਾਰਨ ਲਈ ਤਿਆਰ ਸੀ ਤੇ ਵਾਰ ਰਿਹਾ ਸੀ।



The Five Loved Ones

The Five Loved Ones

By the supreme sacrifice of Guru Tegh Bahadur at Delhi, the fame of the institution of Guru Nanak spread to every nook and corner of the country. The rich and the poor from far and near started coming to Anandpur to see and offer respects to Guru Gobind Rai. The Guru dispensed with the middlemen called Masands to collect the offerings and tithe from the Sikhs for the Guru's institution.

With the end of the middlemen, Sikhs themselves brought their offerings to Anandpur. This resulted in increase of love for the institution and the devotees began to get the pleasure of beholding their Guru face to face. The Muslim, petty landlords and other robbers began to harass the Sikh devotees on their way to Anandpur with their offerings. To escape the robberies and harassment on the way the Sikh devotees armed themselves. They used the arms for self-defence. The skirmishes were the signs of awakening of the lowly and down trodden classes. The Sikhs kept arms and had the skill to use them but did not carry them all the time.

The Guru, finding the suitable time, decided to arm the Sikhs. He sent invitations to the Sikhs to assemble at Anandpur on Baisakhi day, the 30th March 1699. An estimated eighty thousand Sikhs were present at Sri Kesgarh in the morning congregation. The Guru joined the congregation after the recitation of 'Asa Di War' (balled from Granth Sahib) was over. He had a shining sword in his hand. Showing the sword to the congregation, he said in a thunderous voice, "I need a head. Is there a Sikh who is ready to present his head to his guru."

Seeing this phenomenon of a sword in the Guru's hand and the demand for a head by the Guru, the congregation was terrified with disbelief and silence fell all around. After the third call, Bhai Daya Ram, a kshatri by caste from Lahore, Punjab rose and requested, "O' True lord, this body and soul belong to you and I offer it to you. Use it as you desire. I seek forgiveness for not offering myself on the first call."

Holding him by the arm, the Guru took him inside the tent. Dread and fear gripped. Congregation heard a sound from inside the tent as if the Guru had severed the head of Bhai Daya Ram from the body.

The Guru again came to the congregation and asked for another head. This time Bhai Dharam Dass, a farmer of Delhi offered his head. In this way, three other Sikhs - Bhai Himmat Rai, waterman of Jagan Nath Puri, Orissa, Bhai Mohkam Chand, tailor of Dwarka, Gujarat and Bhai Sahib Chand, barber of Bider, Andhra Pradesh presented their heads to the Guru.

After the five Sikhs had offered their heads, the Guru brought them out of the tent and presented them before the congregation. They were the Panj Piaras (the five loved ones) who had offered their heads to the Guru. They were dressed in a

similar attire as to the one worn by the Guru. They were the fully arrayed Singhs.

The Guru called for an iron bowl and in that he put the water of river Sutlej and suger candy. Then the Guru and the five loved ones sat round that iron bowl. Taking a doubled edged sword, the Guru began stirring the water in the bowl and reciting the five banis (sacred hymns). The five hymns recited were Japu Ji, Jap Sahib, Swaiyas, Chaupai and Anand Sahib.

After the completion of recitation of the five sacred hymns, the Guru said, "This is the Amrit (nectar) which has been prepared. Khalsa (the pure) will be created with this nectar. Khalsa will be the army of Wahiguru (God). Khalsa will destroy tyranny."

The nectar thus prepared was administered to the five loved ones. It was also sprinkled in their eyes and hair. By partaking of the nectar by the five loved ones, Khalsa was created. The Guru requested the Khalsa that he be administered the bounty of the nectar and be made Khalsa. Having partaken the Amrit Guru Gobind Rai became Guru Gobind Singh.

The Guru bestowed the gift of the nectar on the Sikhs and made them Singhs (lions) and gave women the title of Kaur which means princess. He abolished the four castes and differences created by the Brahmins. He put women on equal footing to men in all respect. The differences between high caste and low caste people were abolished among the Singhs. All the Singhs became brothers. The dirt of ego was washed from the minds of the Singhs and they were made Khalsa – the pure one.

The Guru made compulsory for the Singhs to wear the five kakars : Kes (hair), Kangha (comb), Kara (iron bracelet), Kirpan (sword) and Kachhehra (long breeches).

He also forbid them from the company of other women (adultery), to eat meat of animals killed slowly in Islamic ways, use of intoxicants (to smoke) and to cut hair and asked them to recite the five sacred hymns daily. He made Khalsa the saintly soldier.

It is worth noting, that the five loved ones who offered their heads to the Guru were all from different states and only one of them was from Punjab. All the five were from different places, different professions and spoke different languages. From this, one can imagine how far the roots of Sikhism were spread. The Guru's devotees were not only in Punjab and Delhi but were all over India. The whole of India was sick of the tyranny being committed and was ready to sacrifice everything, including their very lives.

ਸਤਿਗੁਰੁ ਸਿਖ ਕੇ ਬੰਧਨ ਕਾਟੈ

ਇਕ ਸਮੇਂ ਪਸ਼ੌਰ ਦੀਆਂ ਸੰਗਤਾਂ ਗੁਰੂ ਗੋਬਿੰਦ ਸਿੰਘ ਦੇ ਦਰਸ਼ਨਾਂ ਲਈ ਅਨੰਦਪੁਰ ਆਈਆਂ। ਉਨ੍ਹਾਂ ਸੰਗਤਾਂ ਵਿਚ ਇਕ ਤੇਰਾਂ ਚੌਦਾਂ ਸਾਲਾਂ ਦਾ ਨੌਜਵਾਨ ਸੀ। ਉਹ ਨੌਜਵਾਨ ਆਪਣੀ ਉਮਰ ਨਾਲੋਂ ਵੱਧ ਚੁਸਤ ਨਜ਼ਰ ਆਉਂਦਾ ਸੀ। ਜਦੋਂ ਉਹ ਗੁਰੂ ਜੀ ਦੇ ਚਰਨੀ ਸੀਸ ਨਿਵਾ ਰਿਹਾ ਸੀ ਤਾਂ ਗੁਰੂ ਜੀ ਨੇ ਉਸ ਨੂੰ ਸਵਾਲ ਕੀਤਾ, ''ਭਾਈ ਸਿੱਖਾ, ਤੇਰਾ ਨਾਂ ਕੀ ਏ?'' ਉਸ ਨੇ ਉੱਤਰ ਦਿੱਤਾ, ''ਸੱਚੇ ਪਾਤਸ਼ਾਹ, ਮੇਰਾ ਨਾਂ ਜੋਗਾ ਹੈ।''

ਗੁਰੂ ਜੀ ਨੇ ਫਿਰ ਸਵਾਲ ਕੀਤਾ, ''ਭਾਈ, ਕਿਸ ਜੋਗਾ?''

ਉਸ ਨੌਜਵਾਨ ਨੇ ਬੜੀ ਫੁਰਤੀ ਨਾਲ ਉੱਤਰ ਦਿੱਤਾ, ''ਸੱਚੇ ਪਿਤਾ, ਆਪ ਜੋਗਾ।''

ਸਤਿਗੁਰਾਂ ਉਸ ਨੂੰ ਕਿਹਾ, ''ਅੱਛਾ ਭਾਈ ਜੋਗੇ, ਅੱਜ ਤੋਂ ਤੂੰ ਸਾਡੇ ਜੋਗਾ ਤੇ ਅਸੀਂ ਤੇਰੇ ਜੋਗੇ।''

ਭਾਈ ਜੋਗੇ ਨੇ ਗੁਰੂ ਜੀ ਦੇ ਬਚਨ ਸੁਣ ਕੇ ਆਪਣੇ ਮਾਤਾ ਪਿਤਾ ਪਾਸੋਂ ਗੁਰੂ ਘਰ ਵਿਚ ਰਹਿਣ ਦੀ ਪ੍ਰਵਾਨਗੀ ਲੈ ਲਈ। ਜੋਗੇ ਦੇ ਮਾਤਾ ਪਿਤਾ ਉਸ ਨੂੰ ਗੁਰੂ ਜੀ ਪਾਸ ਛੱਡ ਕੇ ਵਾਪਸ ਪਸ਼ੌਰ ਚਲੇ ਗਏ। ਜੋਗੇ ਨੇ ਉਸ ਦਿਨ ਤੋਂ ਹੀ ਸੰਗਤ ਦੀ ਤਨ ਮਨ ਨਾਲ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਅੰਮ੍ਰਿਤ ਛਕ ਲਿਆ ਤੇ ਜੋਗੇ ਤੋਂ ਜੋਗਾ ਸਿੰਘ ਬਣ ਗਿਆ।

ਉਸ ਦੇ ਮਾਤਾ ਪਿਤਾ ਨੇ ਉਸ ਦੀ ਇਕ ਬਹੁਤ ਸੁੰਦਰ ਲੜਕੀ ਨਾਲ ਮੰਗਣੀ ਕਰ ਦਿੱਤੀ। ਵਿਆਹ ਦੇ ਯੋਗ ਹੋਣ ਉਪਰ, ਵਿਆਹ ਦੀ ਤਾਰੀਖ ਪੱਕੀ ਕਰਕੇ, ਉਸ ਦੇ ਮਾਤਾ ਪਿਤਾ ਉਸ ਨੂੰ ਅਨੰਦਪੁਰ ਤੋਂ ਲੈਣ ਆ ਗਏ। ਪਿਤਾ ਦੇ ਕਹਿਣ ਉਪਰ, ਭਾਈ ਜੋਗਾ ਸਿੰਘ ਨੇ ਗੁਰੂ ਜੀ ਪਾਸੋਂ ਜਾਣ ਦੀ ਆਗਿਆ ਮੰਗੀ।

ਗੁਰੂ ਜੀ ਨੇ ਉਸ ਨੂੰ ਕਿਹਾ, ''ਭਾਈ ਜੋਗਾ ਸਿੰਘ, ਤੂੰ ਬੜੀ ਖ਼ੁਸ਼ੀ ਨਾਲ ਵਿਆਹ ਕਰਵਾਉਣ ਲਈ ਪਸ਼ੌਰ ਆਪਣੇ ਮਾਤਾ ਪਿਤਾ ਨਾਲ ਜਾ ਸਕਦਾ ਹੈਂ ਪਰ ਇਕ ਸ਼ਰਤ ਹੈ, ਜਦੋਂ ਅਸੀਂ ਯਾਦ ਕਰੀਏ ਤਾਂ ਤੂੰ ਸਾਰੇ ਕੰਮ ਕਾਰ ਛਡ ਕੇ ਤੁਰੰਤ ਸਾਡੇ ਪਾਸ ਹਾਜ਼ਰ ਹੋਵੀਂ।''

ਭਾਈ ਜੋਗਾ ਸਿੰਘ ਨੇ ਉੱਤਰ ਦਿੱਤਾ, ''ਹਾਂ ਜੀ, ਇਸ ਤਰ੍ਹਾਂ ਹੀ ਹੋਵੇਗਾ।'' ਇਹ ਕਹਿ ਕੇ ਉਸ ਨੇ ਗੁਰੂ ਜੀ ਦੇ ਚਰਨੀ ਹੱਥ ਲਗਾਏ ਤੇ ਮਾਤਾ ਪਿਤਾ ਨਾਲ ਵਿਆਹ ਕਰਵਾਉਣ ਲਈ ਚਲਿਆ ਗਿਆ। ਵਿਆਹ ਦਾ ਸ਼ੁਭ ਦਿਨ ਆਉਣ ਉੱਪਰ ਉਸ ਦੇ ਵਿਆਹ ਦੀ ਰਸਮ ਸ਼ੁਰੂ ਹੋ ਗਈ। ਅੰਮ੍ਰਿਤ ਵੇਲੇ ਦੇ ਕੀਰਤਨ ਦਾ ਭੋਗ ਪੈਣ ਪਿਛੋਂ ਭਾਈ ਜੋਗਾ ਸਿੰਘ ਦਾ ਅਨੰਦ ਕਾਰਜ ਅਰੰਭ ਹੋਇਆ। ਪਹਿਲੀਆਂ ਦੋ ਲਾਵਾਂ ਦੇ ਸਮਾਪਤ ਹੁੰਦੇ ਹੀ ਇਕ ਸਿੰਘ ਨੇ ਭਾਈ ਜੋਗਾ ਸਿੰਘ ਨੂੰ ਇਹ ਕਹਿੰਦੇ ਹੋਏ ਇਕ ਪੱਤਰ ਹੱਥ ਫੜਾ ਦਿਤਾ ''ਇਸ ਵਿਚ ਗੁਰੂ ਦਾ ਹੁਕਮ ਲਿਖਿਆ ਹੈ।'' ਭਾਈ ਜੋਗਾ ਸਿੰਘ ਨੇ ਉਹ ਪੱਤਰ ਖੋਲ੍ਹ ਕੇ ਪੜ੍ਹਿਆ ਤਾਂ ਉਸ ਵਿਚ ਲਿਖਿਆ ਸੀ ''ਇਸ ਨੂੰ ਪੜ੍ਹਦੇ ਸਾਰ ਸਾਡੇ ਪਾਸ ਅਨੰਦਪੁਰ ਹਾਜ਼ਰ ਹੋ।''

ਭਾਈ ਜੋਗਾ ਸਿੰਘ ਨੇ ਚਿੱਠੀ ਪੜ੍ਹਦੇ ਸਾਰ ਲਾਵਾਂ ਵਿਚਾਲੇ ਛਡ ਦਿੱਤੀਆਂ। ਰਿਸ਼ਤੇਦਾਰਾਂ ਉਸ ਨੂੰ ਬਹੁਤ ਸਮਝਾਇਆ ਕਿ ਤੂੰ ਬਾਕੀ ਦੀਆਂ ਦੋ ਲਾਵਾਂ ਲੈ ਕੇ ਚਲਿਆ ਜਾਵੀਂ। ਉਸ ਨੇ ਸਭ ਨੂੰ ਅਣਸੁਣਿਆ ਕਰ ਦਿੱਤਾ ਤੇ ਕਿਸੇ ਦੀ ਗੱਲ ਨਾ ਮੰਨੀ। ਉਸ ਨੇ ਸਭ ਦਾ ਇਕ ਹੀ ਉੱਤਰ ਦਿੱਤਾ, 'ਮੇਰੇ ਗੁਰੂ ਨੇ ਮੈਨੂੰ ਸਾਰੇ ਕੰਮ ਕਾਰ ਛਡ ਕੇ ਆਉਣ ਲਈ ਲਿਖਿਆ ਹੈ ਸੋ ਮੇਰਾ ਜਾਣਾ ਹੀ ਬਣਦਾ ਹੈ।'' ਉਸ ਨੇ ਘੋੜੇ ਉਪਰ ਛਾਲ ਮਾਰੀ ਤੇ ਅਨੰਦਪੁਰ ਵਲ ਚਲ ਪਿਆ।

ਭਾਈ ਜੋਗਾ ਸਿੰਘ ਨੂੰ ਹੁਸ਼ਿਆਰਪੁਰ ਪੁੱਜਣ ਤਕ ਸ਼ਾਮਾਂ ਪੈ ਗਈਆਂ। ਉਸ ਦੇ ਮਨ ਵਿਚ ਆਇਆ, ''ਕੀ ਉਸ ਵਰਗਾ ਵੀ ਕੋਈ ਗੁਰੂ ਦਾ ਸਿੱਖ ਹੋ ਸਕਦਾ ਹੈ ਜਿਹੜਾ ਆਪਣਾ ਵਿਆਹ ਵਿਚਾਲੇ ਹੀ ਛੱਡ ਕੇ ਗੁਰੂ ਦੇ ਹੁਕਮ ਦੀ ਪਾਲਣਾ ਕਰਦਾ ਹੋਵੇ?'' ਉਸ ਨੂੰ ਆਪਣੇ ਆਪ ਉੱਪਰ ਮਾਣ ਹੋ ਗਿਆ। ਜਦੋਂ ਉਹ ਵੇਸਵਾ ਬਾਜ਼ਾਰ ਵਿਚੀਂ ਲੰਘ ਰਿਹਾ ਸੀ ਤਾਂ ਇਕ ਬਹੁਤ ਸੁੰਦਰ ਵੇਸਵਾ ਉਸ ਨੂੰ ਨਜ਼ਰ ਆਈ। ਉਸ ਨੇ ਉਸ ਵੇਸਵਾ ਪਾਸ ਰਾਤ ਕੱਟਣ ਦਾ ਮਨ ਬਣਾ ਲਿਆ।

ਦਿਲਾਂ ਦੀਆਂ ਬੁੱਝਣ ਵਾਲੇ ਸਤਿਗੁਰਾਂ ਪਹਿਲਾਂ ਹੀ ਇਕ ਸਿੰਘ ਨੂੰ ਭੇਜ ਦਿੱਤਾ ਸੀ ਜਿਹੜਾ ਉਸ ਵੇਸਵਾ ਦੇ ਦਰਵਾਜ਼ੇ

Hymn

"O, Lord hear, this call of your devotee,
Without you, even soft bed is full of pain,
like sharing the palace with the snakes.
Flask is like a thorn
drinking cup like a dagger.
Without Thine grace, comforts are nothing
but sufferings of butcher's knife.
Living with Thy Lord in a straw hut is heaven,
hell is the rich dwellings without Thy grace.

ਸ਼ਬਦ

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ।।
ਤੁਧ ਬਿਨ ਰੋਗ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦੇ ਰਹਿਣਾ।।
ਸੂਲ ਸੁਰਾਹੀ ਖੰਜਰ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ।।
ਯਾਰੜੇ ਦਾ ਸਾਨੂੰ ਸਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ।।

ਗੁਰੂ ਗੋਬਿੰਦ ਸਿੰਘ

The Miracle

Struggle for the throne of Delhi ensued among the sons of Aurangzeb after his death. Guru Gobind Singh was still in Punjab at that time. Bahadur Shah asked for help from the Guru through Bhai Nand Lal. The Guru sent a squad of Singhs under the command of Bhai Daya Singh and Bhai Dharam Singh for help. That squad joined Bahadur Shah near Mathura. Bhai Dharam Singh also gave a message to Bahadur Shah from the Guru that he himself will join the battle.


On 18th June 1707, Bahadur Shah attacked the army of Azam near Agra. After the departure of squad with Bhai Dharam Singh more Singhs from Amritsar side joined the Guru. Taking them along, the Guru set up camp on high ground near the scene of the battle. From that mound the Guru shot an arrow which killed Azam. Bahadur Shah won the battle. Reaching Agra on the 19th June he held a court. He gave award to his chiefs, ministers and generals.

One day, Bahadur Shah asked Bhai Daya Singh, "The Guru had promised to take part in this battle but he did not come." The king had hardly completed this sentence when an arrow fell near him. This arrow resembled the one that had killed his brother Azam. Bahadur Shah said unintentionally that it was a miracle. Instantly another arrow fell. With that arrow was attached a letter. It read, "O, King, this is not a miracle, this is the excellence of skill."

The King came to realise that the Guru was a reader of thoughts and a great master of the art of archery. He was convinced that his victory was the result of the Guru's help and blessings. He sent Bhai Daya Singh to the Guru with the request to come to Agra and give an audience. The first meeting between the Guru and Bahadur Shah took place at Agra on the 2nd of August 1707.

Bahadur Shah seated Guru Gobind Singh on his right and offered great respect and honour. He offered him valuable gifts. It was hard for the royal head priest to bear this honour and respect for the Guru. To ascertain what super power the Guru had, he requested the Guru to show some miracle.

The Guru pointed towards Bahadur Shah and told him, "Look, dear priest, the King is a miracle. A man condemned to death, can go free by his orders." The priest replied, "This is no miracle. Every king can do this." Then the Guru showed him a gold coin and said, "Money is also a miracle. The world is mad after it. Everything in the world can be bought with it." The priest was not satisfied with this answer also. When he asked the third time, the Guru placed his hand on the hilt of his sword and said, "This is also a mircale. Those who do not agree, can be made to agree with this." The Guru was in the midst of these words when the head priest interrupted and said, "Yes sir, I have seen the miracle. I don't need to see anything more."


ਕਰਾਮਾਤ
The Miracle

ਕਰਾਮਾਤ

ਔਰੰਗਜ਼ੇਬ ਦੀ ਮੌਤ ਪਿਛੋਂ, ਉਸ ਦੇ ਤਿੰਨਾਂ ਪੁੱਤਰਾਂ ਵਿਚ ਦਿੱਲੀ ਦੇ ਤਖ਼ਤ ਲਈ ਭੱਜ ਦੌੜ ਸ਼ੁਰੂ ਹੋ ਗਈ। ਗੁਰੂ ਗੋਬਿੰਦ ਸਿੰਘ ਜੀ ਪੰਜਾਬ ਵਿਚ ਹੀ ਸਨ ਕਿ ਬਹਾਦਰ ਸ਼ਾਹ ਨੇ ਆਪ ਪਾਸੋਂ ਮੱਦਦ ਮੰਗੀ। ਗੁਰੂ ਜੀ ਨੇ ਇਕ ਜੱਥਾ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦੀ ਅਗਵਾਈ ਹੇਠ ਮੱਦਦ ਲਈ ਭੇਜ ਦਿੱਤਾ ਜਿਹੜਾ ਬਹਾਦਰ ਸ਼ਾਹ ਨੂੰ ਮਥਰਾ ਪਾਸ ਜਾ ਮਿਲਿਆ। ਭਾਈ ਧਰਮ ਸਿੰਘ ਨੇ ਬਹਾਦਰ ਸ਼ਾਹ ਨੂੰ ਇਹ ਵੀ ਦੱਸ ਦਿੱਤਾ ਸੀ ਕਿ ਗੁਰੂ ਜੀ ਮੱਚੇ ਯੁੱਧ ਵਿਚ ਪਹੁੰਚ ਜਾਣਗੇ।

18 ਜੂਨ 1707 ਨੂੰ ਆਗਰੇ ਦੇ ਨੇੜੇ ਬਹਾਦਰ ਸ਼ਾਹ ਨੇ ਆਜ਼ਮ ਦੀ ਫ਼ੌਜ ਉੱਪਰ ਹਮਲਾ ਕਰ ਦਿੱਤਾ। ਗੁਰੂ ਜੀ ਹੋਰ ਸਿੰਘਾਂ ਦੇ ਆਉਣ ਉੱਪਰ, ਉਨ੍ਹਾਂ ਨੂੰ ਨਾਲ ਲੈ ਕੇ ਯੁੱਧ ਦੇ ਨੇੜੇ ਇਕ ਉੱਚੀ ਥਾਂ ਬੈਠ ਗਏ। ਉਸ ਟਿੱਬੀ ਤੋਂ ਇਕ ਤੀਰ ਛਡਿਆ ਜਿਸ ਨਾਲ ਆਜ਼ਮ ਦੀ ਮੌਤ ਹੋ ਗਈ। ਬਹਾਦਰ ਸ਼ਾਹ ਦੀ ਜਿੱਤ ਹੋ ਗਈ। 19 ਜੂਨ ਨੂੰ ਉਸ ਨੇ ਆਗਰੇ ਪਹੁੰਚ ਕੇ ਦਰਬਾਰ ਲਗਾਇਆ ਤੇ ਸਭ ਨੂੰ ਉਸ ਨੇ ਇਨਾਮ ਵੰਡੇ।

ਬਹਾਦਰ ਸ਼ਾਹ ਨੇ ਇਕ ਦਿਨ ਭਾਈ ਦਇਆ ਸਿੰਘ ਨੂੰ ਪੁੱਛਿਆ, ''ਗੁਰੂ ਜੀ ਯੁੱਧ ਵਿਚ ਨਹੀਂ ਆਏ ਜਦੋਂ ਆਉਣ ਦਾ ਇਕਰਾਰ ਕੀਤਾ ਸੀ?'' ਬਾਦਸ਼ਾਹ ਇਹ ਸ਼ਬਦ ਕਹਿ ਹੀ ਰਿਹਾ ਸੀ ਕਿ ਇਕ ਤੀਰ ਉਸ ਪਾਸ ਆ ਗਿਰਿਆ। ਇਹ ਤੀਰ ਉਸ ਨਾਲ ਮਿਲਦਾ ਸੀ ਜਿਸ ਨਾਲ ਆਜ਼ਮ ਦੀ ਮੌਤ ਹੋਈ ਸੀ। ਬਹਾਦਰ ਸ਼ਾਹ ਦੇ ਮੂੰਹ ਵਿਚੋਂ ਆਪਣੇ ਆਪ ਨਿਕਲ ਗਿਆ ''ਇਹ ਤਾਂ ਕਰਾਮਾਤ ਹੈ।''

ਦੇਖਦੇ ਦੇਖਦੇ ਇਕ ਹੋਰ ਤੀਰ ਆਇਆ। ਉਸ ਤੀਰ ਨਾਲ ਇਕ ਚਿੱਠੀ ਬੱਧੀ ਹੋਈ ਸੀ ਜਿਸ ਵਿਚ ਲਿਖਿਆ ਸੀ, ''ਬਾਦਸ਼ਾਹ, ਇਹ ਕਰਾਮਾਤ ਨਹੀਂ, ਇਹ ਕਰਤਬ ਦਾ ਕਮਾਲ ਹੈ।''

ਬਾਦਸ਼ਾਹ ਨੂੰ ਗਿਆਨ ਹੋ ਗਿਆ ਕਿ ਗੁਰੂ ਮਨਾਂ ਦੀਆਂ ਬੁੱਝਣ ਵਾਲੇ, ਸ਼ਸਤਰ ਵਿੱਦਿਆ ਦੇ ਬਹੁਤ ਵੱਡੇ ਧਨੀ ਹਨ। ਉਸ ਨੂੰ ਯਕੀਨ ਆ ਗਿਆ ਕਿ ਉਸ ਦੀ ਜਿੱਤ ਗੁਰੂ ਜੀ ਦੀ ਮੱਦਦ ਕਾਰਨ ਹੋਈ ਸੀ। ਉਸ ਨੇ ਭਾਈ ਦਇਆ ਸਿੰਘ ਨੂੰ ਗੁਰੂ ਜੀ ਪਾਸ ਭੇਜਿਆ ਤੇ ਆਗਰੇ ਪੁਜ ਕੇ ਦਰਸ਼ਨ ਦੇਣ ਦੀ ਬੇਨਤੀ ਕੀਤੀ। 2 ਅਗਸਤ 1707 ਨੂੰ ਗੁਰੂ ਜੀ ਆਗਰੇ ਆ ਬਾਦਸ਼ਾਹ ਨੂੰ ਮਿਲੇ।

ਬਾਦਸ਼ਾਹ ਨੇ ਗੁਰੂ ਜੀ ਨੂੰ ਆਪਣੇ ਸੱਜੇ ਪਾਸੇ ਬੈਠਾ ਕੇ ਬੜਾ ਆਦਰ ਤੇ ਸਤਿਕਾਰ ਦਿੱਤਾ। ਗੁਰੂ ਦਾ ਇਸ ਤਰ੍ਹਾਂ ਦਾ ਸਨਮਾਨ ਤੇ ਆਦਰ ਸ਼ਾਹੀ ਮੌਲਵੀ ਨੂੰ ਸਹਾਰਨਾ ਮੁਸ਼ਕਲ ਹੋ ਗਿਆ। ਉਸ ਦੇ ਇਹ ਜਾਣਨ ਲਈ ਕਿ ਗੁਰੂ ਪਾਸ ਕਿਹੜੀ ਗ਼ੈਬੀ ਤਾਕਤ ਹੈ, ਉਸ ਨੇ ਗੁਰੂ ਗੋਬਿੰਦ ਸਿੰਘ ਨੂੰ ਕਰਾਮਾਤ ਦਿਖਾਉਣ ਦੀ ਬੇਨਤੀ ਕੀਤੀ:

ਗੁਰੂ ਜੀ ਨੇ ਬਹਾਦਰ ਸ਼ਾਹ ਵਲ ਇਸ਼ਾਰਾ ਕਰ ਕੇ ਕਿਹਾ, ''ਦੇਖੋ, ਬਾਦਸ਼ਾਹ ਇਕ ਕਰਾਮਾਤ ਹੈ। ਇਸ ਦੇ ਹੁਕਮ ਨਾਲ ਇਕ ਫ਼ਾਂਸੀ ਲਗਣ ਵਾਲੇ ਨੂੰ ਜ਼ਿੰਦਗੀ ਮਿਲ ਜਾਂਦੀ ਹੈ।''

ਮੌਲਵੀ ਨੇ ਉੱਤਰ ਦਿੱਤਾ, ''ਇਹ ਤਾਂ ਹਰ ਬਾਦਸ਼ਾਹ ਕਰ ਸਕਦਾ ਹੈ। ਇਹ ਕੋਈ ਕਰਾਮਾਤ ਨਹੀਂ।''

ਗੁਰੂ ਜੀ ਨੇ ਇਕ ਮੋਹਰ ਦਿਖਾ ਕੇ ਕਿਹਾ, ''ਪੈਸਾ ਇਕ ਕਰਾਮਾਤ ਹੈ। ਇਸ ਨਾਲ ਦੁਨੀਆ ਦੀ ਹਰ ਵਸਤੂ ਖ਼ਰੀਦੀ ਜਾ ਸਕਦੀ ਹੈ।''

ਇਸ ਉੱਤਰ ਨਾਲ ਵੀ ਮੌਲਵੀ ਦੀ ਤਸੱਲੀ ਨਾ ਹੋਈ। ਤੀਜੀ ਵਾਰੀ ਮੌਲਵੀ ਦੇ ਕਹਿਣ ਉੱਪਰ ਗੁਰੂ ਜੀ ਨੇ ਆਪਣੀ ਕ੍ਰਿਪਾਨ ਦੇ ਹੱਥੇ ਉੱਪਰ ਹੱਥ ਰਖਦਿਆਂ ਕਿਹਾ, ''ਇਹ ਵੀ ਇਕ ਕਰਾਮਾਤ ਹੈ। ਜਿਹੜਾ ਨਾ ਮੰਨੇ, ਉਸ ਨੂੰ ਇਸ ਨਾਲ ਮਨਾਇਆ ਜਾ ਸਕਦਾ ਹੈ।''

ਗੁਰੂ ਜੀ ਇਹ ਸ਼ਬਦ ਕਹਿ ਹੀ ਰਹੇ ਸਨ, ਮੌਲਵੀ ਹੋਰਾਂ ਵਿਚੋਂ ਹੀ ਟੋਕ ਕੇ ਕਿਹਾ, ''ਹਾਂ ਜੀ, ਮੈਨੂੰ ਕਰਾਮਾਤ ਨਜ਼ਰੀਂ ਪੈ ਗਈ ਹੈ। ਹੋਰ ਦੇਖਣ ਦੀ ਲੋੜ ਨਹੀਂ।''

There were only two Singhs in the kitchen when Dalla called.

The Guru said to them, "I have called only one Sikh for the test and not two."

Both the Singhs made a request together, "My lord, you have ordered for one Singh but had not mentioned any particular name. My lord, I heard your order first so I have presented myself. It is my privilage to become the target of the gun first."

The Guru made both of them to stand one before the other and fired the bullet over their heads. Both the Singhs stood firm. When Dalla saw the courage of the Singhs he was ashamed of his cowardice and that of his hale and hearty soldiers. He came to realise what type of brave Singhs were by the side of the Guru in the fortress of Chamkaur. Dalla stopped praising his soldiers from that day onwards.

The Proud Dalla

Leaving Chamkaur Guru Gobind Singh reached "Sabo-ki-Talwandi" passing through Machhiwara. That place is now known as "Damdama Sahib". There, the village headman, Dalla came to the Guru and offered his services. When the governor of Sirhind came to know of the presence of the Guru at Dalla's place, he sent orders to Dalla, "You have a rebel, Guru Gobind Singh at your place. Hand him over to me and you will be rewarded. If you do not obey my orders, I shall attack, and destroy you along with the Guru."

Dalla did not pay any heed to the threat of the governor. He sent word to him, "I will never handover the Guru to you at any cost. You may try whatever means you want. You can clear your doubt, you may have in your mind." Setting aside the fear of the governor, Dalla served the Guru very well and kept him at his place.

Dalla was very proud of his men. He always mentioned to the Guru like this, "Had my men been with you in the Chamkaur fortress, the army of the governor would not have dared to do any harm to you." The Guru explained to the headman, "Brother Dalla, good health and bravery are two different traits of a man. It is not necessary for a healthy and strong man to be brave." Even these arguments did not convince Dalla and the illusion in his mind persisted. Dalla often thought, "The Singhs who were with the Guru in the fortress at Chamkaur would not have been as brave and strong as his soldiers, due to which the princes had to go outside the fortress and lay down their lives."


Providence provided an opportunity to test the manliness of Dalla's brave men. One day a Singh from Lahore presented himself before the Guru with a new gun named as 'Ram Janga'. At that time Dalla and a few of his soldiers were sitting in attendance. The Guru said to Dalla, "Brother Dalla, I want to test the aim of this new gun whether it hits the target or not. Please send one of your soldiers so that I may test this weapon on him."

Dalla asked all the soldiers sitting with him one by one but no-body was ready to offer himself for target test. All declined one by one. The Guru said to him, "All right Dalla, if your brave men do not come forward, come yourself and stand in front so that we may test this gun and honour the Singh who has presented it."

Dalla saw the loaded gun in the hands of the Guru and his heart lost courage on seeing death in front. He replied to the Guru, "Who wants to die this untimely death? If there is a war, I am ready to demonstrate my bravery."

The Guru then said to Dalla, "Brother, go and see if there is any Singh in the kitchen. Tell him that your Guru wants to test the aim of the new gun. He wants one Sikh to be the target of the bullet of that gun."

Dalla, facing the kitchen, announced the orders of the Guru from a distance as he was sure that no Sikh would be willing to be a target. Dalla was astonished to see two Singhs running towards him, each one trying to get ahead of the other.


The Proud Dalla
ਅਭਿਮਾਨੀ ਡੱਲਾ

ਵੀ ਸਿੰਘ ਇਸ ਪਰਖ ਲਈ ਤਿਆਰ ਨਹੀਂ ਹੋਵੇਗਾ। ਡੱਲਾ ਦੇਖ ਕੇ ਹੈਰਾਨ ਹੋ ਗਿਆ, ਜਦੋਂ ਉਸ ਨੂੰ ਦੋ ਸਿੰਘ ਇਕ ਦੂਜੇ ਤੋਂ ਅੱਗੇ ਭਜੇ ਆਉਂਦੇ ਦਿਖਾਈ ਦਿੱਤੇ। ਡੱਲੇ ਦੀ ਆਵਾਜ਼ ਦੇਣ ਸਮੇਂ ਲੰਗਰ ਵਿਚ ਦੋ ਹੀ ਸਿੰਘ ਸਨ।

ਗੁਰੂ ਜੀ ਨੇ ਫੁਰਮਾਇਆ, ''ਮੈਂ ਤਾਂ ਇਕ ਸਿੱਖ ਨੂੰ ਨਿਸ਼ਾਨੇ ਦੀ ਪਰਖ ਲਈ ਸੱਦਿਆ ਹੈ, ਦੋ ਨੂੰ ਨਹੀਂ।''

ਦੋਹਾਂ ਸਿੰਘਾਂ ਇਕੱਠੇ ਹੀ ਬੇਨਤੀ ਕੀਤੀ, ''ਗੁਰੂ ਜੀ, ਆਪ ਨੇ ਇਕ ਸਿੰਘ ਨੂੰ ਹਾਜ਼ਰ ਹੋਣ ਦਾ ਹੁਕਮ ਕੀਤਾ ਸੀ ਪਰ ਕੋਈ ਉਚੇਚਾ ਨਾਂ ਲੈ ਕੇ ਨਹੀਂ ਬੁਲਾਇਆ ਸੀ। ਗੁਰੂ ਜੀ, ਆਪ ਦਾ ਹੁਕਮ ਪਹਿਲਾਂ ਮੈਂ ਸੁਣਿਆ ਸੀ, ਇਸ ਲਈ ਮੈਂ ਹਾਜ਼ਰ ਹੋ ਗਿਆ ਹਾਂ। ਬੰਦੂਕ ਦਾ ਨਿਸ਼ਾਨਾ ਬਣਨ ਦਾ ਪਹਿਲਾ ਹੱਕ ਮੇਰਾ ਬਣਦਾ ਹੈ।''

ਗੁਰੂ ਜੀ ਨੇ ਦੋਹਾਂ ਨੂੰ ਅੱਗੇ ਪਿਛੇ ਖੜੇ ਕਰ ਕੇ ਗੋਲੀ ਦੋਹਾਂ ਦੇ ਸਿਰਾਂ ਉਪਰ ਦੀ ਕੱਢ ਦਿੱਤੀ। ਉਹ ਦੋਵੇਂ ਸਿੰਘ ਅਡੋਲ ਖੜੇ ਰਹੇ।

ਡੱਲੇ ਨੇ ਜਦੋਂ ਸਿੰਘਾਂ ਦੀ ਇਹ ਬਹਾਦਰੀ ਦੇਖੀ ਤਾਂ ਉਸ ਨੂੰ ਆਪਣੇ ਆਪ ਉਪਰ ਤੇ ਆਪਣੇ ਮੋਟੇ ਤਾਜ਼ੇ ਜਵਾਨਾਂ ਦੀ ਬੁਜ਼ਦਿਲੀ 'ਤੇ ਸ਼ਰਮ ਆਉਣ ਲਗੀ। ਉਸ ਨੂੰ ਸਮਝ ਪੈ ਗਈ ਕਿ ਗੁਰੂ ਜੀ ਨਾਲ ਚਮਕੌਰ ਦੀ ਗੜ੍ਹੀ ਵਿਚ ਕਿਸ ਤਰ੍ਹਾਂ ਦੇ ਬਹਾਦਰ ਸਿੰਘਾਂ ਨੇ ਗੁਰੂ ਜੀ ਦਾ ਸਾਥ ਦਿੱਤਾ ਸੀ। ਡੱਲੇ ਨੇ ਉਸ ਦਿਨ ਤੋਂ ਪਿਛੋਂ ਆਪਣੇ ਜਵਾਨਾਂ ਦੀਆਂ ਸਿਫ਼ਤਾਂ ਕਰਨੀਆਂ ਬੰਦ ਕਰ ਦਿੱਤੀਆਂ।

ਅਭਿਮਾਨੀ ਡੱਲਾ

ਗੁਰੂ ਜੀ ਚਮਕੌਰ ਤੋਂ ਚੱਲ ਕੇ ਮਾਛੀਵਾੜੇ ਵਿਚ ਦੀ ਹੁੰਦੇ ਹੋਏ ਸਾਬੋ ਕੀ ਤਲਵੰਡੀ ਪੁੱਜੇ। ਉਸ ਥਾਂ ਨੂੰ ਅੱਜਕਲ੍ਹ ਦਮਦਮਾ ਸਾਹਿਬ ਕਿਹਾ ਜਾਂਦਾ ਹੈ। ਉਸ ਥਾਂ ਡੱਲਾ ਚੌਧਰੀ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ। ਸੂਬਾ ਸਰਹੰਦ ਨੂੰ ਜਦੋਂ ਗੁਰੂ ਜੀ ਦਾ ਚੌਧਰੀ ਪਾਸ ਹੋਣ ਦਾ ਪਤਾ ਚਲਿਆ ਤਾਂ ਉਸ ਨੇ ਚੌਧਰੀ ਨੂੰ ਹੁਕਮ ਭੇਜਿਆ ''ਤੇਰੇ ਪਾਸ ਸਰਕਾਰ ਦਾ ਬਾਗ਼ੀ ਗੁਰੂ ਗੋਬਿੰਦ ਸਿੰਘ ਹੈ। ਉਸ ਨੂੰ ਮੇਰੇ ਹਵਾਲੇ ਕਰਕੇ ਇਨਾਮ ਹਾਸਲ ਕਰ ਲੈ। ਜੇ ਤੂੰ ਮੇਰਾ ਹੁਕਮ ਨਹੀਂ ਮੰਨੇਗਾ ਤਾਂ ਮੈਂ ਤੇਰੇ ਉੱਪਰ ਚੜ੍ਹਾਈ ਕਰਕੇ ਗੁਰੂ ਦੇ ਨਾਲ ਤੈਨੂੰ ਵੀ ਖ਼ਤਮ ਕਰ ਦੇਵਾਂਗਾ।''

ਚੌਧਰੀ ਨੇ ਸੂਬੇ ਦੀ ਧਮਕੀ ਦੀ ਕੋਈ ਪ੍ਰਵਾਹ ਨਾ ਕੀਤੀ। ਉਸ ਨੇ ਸੂਬੇ ਨੂੰ ਸੁਨੇਹਾ ਭੇਜ ਦਿੱਤਾ ''ਮੈਂ ਗੁਰੂ ਨੂੰ ਕਦੇ ਵੀ ਤੇ ਕਿਸੇ ਵੀ ਕੀਮਤ ਉੱਪਰ ਤੇਰੇ ਹਵਾਲੇ ਨਹੀਂ ਕਰ ਸਕਦਾ। ਜੋ ਕੁਝ ਤੂੰ ਕਰਨਾ ਚਾਹੁੰਦਾ ਹੈਂ ਕਰ ਕੇ ਦੇਖ ਲੈ। ਆਪਣੇ ਮਨ ਦੇ ਭਰਮ ਦੂਰ ਕਰ ਲੈ।'' ਸੂਬੇ ਦਾ ਡਰ ਲਾਹ ਕੇ ਚੌਧਰੀ ਨੇ ਗੁਰੂ ਜੀ ਦੀ ਬਹੁਤ ਆਉ ਭਗਤ ਕੀਤੀ ਤੇ ਆਪਣੇ ਪਾਸ ਰਖਿਆ।

ਡੱਲੇ ਨੂੰ ਆਪਣੇ ਆਦਮੀਆਂ ਉੱਪਰ ਬਹੁਤ ਮਾਣ ਸੀ। ਉਹ ਗੁਰੂ ਜੀ ਨੂੰ ਹਰ ਸਮੇਂ ਕਹਿੰਦਾ ਰਹਿੰਦਾ ਸੀ ''ਜੇ ਮੇਰੇ ਆਦਮੀ ਚਮਕੌਰ ਦੀ ਗੜ੍ਹੀ ਵਿਚ ਆਪ ਦੇ ਨਾਲ ਹੁੰਦੇ ਤਾਂ ਸੂਬੇ ਦੀ ਫ਼ੌਜ ਆਪ ਦੀ ਹਵਾ ਵੱਲ ਵੀ ਨਾ ਦੇਖ ਸਕਦੀ।''

ਗੁਰੂ ਜੀ ਚੌਧਰੀ ਨੂੰ ਸਮਝਾਉਂਦੇ, ''ਭਾਈ ਡੱਲਿਆ, ਬਹਾਦਰੀ ਤੇ ਸਰੀਰ ਦਾ ਮੋਟਾ ਤਾਜ਼ਾ ਹੋਣਾ ਆਦਮੀ ਦੇ ਵੱਖ ਵੱਖ ਗੁਣ ਹਨ। ਮੋਟੇ ਤੇ ਤਕੜੇ ਆਦਮੀ ਦਾ ਬਹਾਦਰ ਹੋਣਾ ਜ਼ਰੂਰੀ ਨਹੀਂ।'' ਇਸ ਤਰ੍ਹਾਂ ਸਮਝਾਉਣ ਉੱਪਰ ਵੀ ਡੱਲੇ ਨੂੰ ਸਮਝ ਨਾ ਪੈਂਦੀ ਤੇ ਉਸ ਦੇ ਮਨ ਦਾ ਭੁਲੇਖਾ ਦੂਰ ਨਾ ਹੁੰਦਾ।

ਡੱਲਾ ਇਹ ਵੀ ਸੋਚਦਾ ਰਹਿੰਦਾ ''ਗੁਰੂ ਦਾ ਸਾਥ ਜਿਹੜੇ ਸਿੰਘਾਂ ਚਮਕੌਰ ਦੀ ਗੜ੍ਹੀ ਵਿਚ ਦਿਤਾ, ਉਹ ਮੇਰੇ ਜਵਾਨਾਂ ਵਰਗੇ ਸੂਰਮੇ ਤੇ ਬਲਵਾਨ ਨਹੀਂ ਹੋਣੇ ਜਿਸ ਕਾਰਨ ਸਾਹਿਬਜ਼ਾਦਿਆਂ ਨੂੰ ਗੜ੍ਹੀ ਤੋਂ ਬਾਹਰ ਜਾ ਕੇ ਯੁੱਧ ਵਿਚ ਸ਼ਹੀਦੀਆਂ ਪਾਉਣੀਆਂ ਪਈਆਂ।''

ਕੁਦਰਤ ਨੇ ਡੱਲੇ ਦੇ ਬੀਰਾਂ ਦੀ ਮਰਦਾਨਗੀ ਪਰਖਣ ਦਾ ਸਮਾਂ ਲੈ ਆਂਦਾ। ਇਕ ਦਿਨ ਲਾਹੌਰ ਤੋਂ ਇਕ ਸਿੰਘ ਨਵੀਂ ਬਣਾਈ ਬੰਦੂਕ ''ਰਾਮ ਜੰਗਾ'' ਲੈ ਕੇ ਗੁਰੂ ਜੀ ਪਾਸ ਹਾਜ਼ਰ ਹੋਇਆ। ਉਸ ਸਮੇਂ ਸੰਗਤ ਵਿਚ ਡੱਲਾ ਤੇ ਉਸ ਦੇ ਕੁਝ ਜਵਾਨ ਬੈਠੇ ਸਨ। ਗੁਰੂ ਜੀ ਨੇ ਡੱਲੇ ਨੂੰ ਕਿਹਾ, ''ਭਾਈ ਡੱਲਿਆ, ਅਸੀਂ ਇਸ ਨਵੀਂ ਆਈ ਬੰਦੂਕ ਦਾ ਨਿਸ਼ਾਨਾ ਪਰਖਣਾ ਹੈ ਕਿ ਇਹ ਥਾਂ ਸਿਰ ਬਹਿੰਦਾ ਹੈ ਜਾਂ ਨਹੀਂ। ਕੋਈ ਇਕ ਆਪਣਾ ਜਵਾਨ ਭੇਜ ਜਿਸ ਉਪਰ ਅਸੀਂ ਇਹ ਪਰਖ ਸਕੀਏ।''

ਡੱਲੇ ਨੇ ਆਪਣੇ ਨਾਲ ਬੈਠੇ ਜਵਾਨਾਂ ਵਿਚੋਂ ਇਕੱਲੇ ਇਕੱਲੇ ਨੂੰ ਪੁੱਛਿਆ ਪਰ ਕੋਈ ਵੀ ਨਿਸ਼ਾਨੇ ਦੀ ਪਰਖ ਲਈ ਤਿਆਰ ਨਾ ਹੋਇਆ। ਸਾਰਿਆਂ ਵਾਰੀ ਵਾਰੀ ਨਾਂਹ ਕਰ ਦਿੱਤੀ। ਗੁਰੂ ਜੀ ਨੇ ਡੱਲੇ ਨੂੰ ਕਿਹਾ, ''ਅੱਛਾ ਭਾਈ ਡੱਲਿਆ, ਜੇ ਤੇਰਾ ਬਹਾਦਰ ਸੂਰਮਾ ਅੱਗੇ ਨਹੀਂ ਆਉਂਦਾ ਤਾਂ ਤੂੰ ਹੀ ਸਾਹਮਣੇ ਖੜੋ ਤਾਂ ਜੋ ਅਸੀਂ ਬੰਦੂਕ ਦਾ ਨਿਸ਼ਾਨਾ ਪਰਖ ਕੇ ਭੇਟ ਕਰਨ ਵਾਲੇ ਸਿੰਘ ਨੂੰ ਮਾਣ ਦੇ ਸਕੀਏ।''

ਡੱਲੇ ਨੇ ਗੁਰੂ ਜੀ ਦੇ ਹੱਥ ਵਿਚ ਤਿਆਰ ਬਰ ਤਿਆਰ ਬੰਦੂਕ ਦੇਖੀ ਤਾਂ ਉਸ ਦਾ ਦਿਲ ਵੀ ਮੌਤ ਨੂੰ ਸਾਹਮਣੇ ਖੜੀ ਦੇਖ ਕੇ ਡਰ ਗਿਆ। ਉਸ ਨੇ ਉੱਤਰ ਦਿੱਤਾ, ''ਗੁਰੂ ਜੀ, ਇਸ ਤਰ੍ਹਾਂ ਦੀ ਅਣਆਈ ਮੌਤ ਕੌਣ ਮਰੇ? ਯੁੱਧ ਹੋਵੇ ਤਾਂ ਮੈਂ ਤਿਆਰ ਹਾਂ ਜਿਸ ਵਿਚ ਬਹਾਦਰੀ ਵੀ ਦਿਖਾਈ ਜਾ ਸਕੇ।''

ਗੁਰੂ ਜੀ ਨੇ ਡੱਲੇ ਨੂੰ ਕਿਹਾ, ''ਜਾ ਭਾਈ, ਲੰਗਰ ਵਿਚ ਕੋਈ ਸਿੱਖ ਹੋਵੇਗਾ। ਉਸ ਨੂੰ ਕਹਿ ਕਿ ਤੇਰੇ ਗੁਰੂ ਨੇ ਨਵੀਂ ਆਈ ਬੰਦੂਕ ਦਾ ਨਿਸ਼ਾਨਾ ਪਰਖਣਾ ਹੈ। ਉਨ੍ਹਾਂ ਨੂੰ ਇਕ ਸਿੱਖ ਦੀ ਲੋੜ ਹੈ ਜਿਹੜਾ ਉਸ ਬੰਦੂਕ ਦੀ ਗੋਲੀ ਦਾ ਨਿਸ਼ਾਨਾ ਬਣ ਸਕੇ।''

ਡੱਲੇ ਨੇ ਲੰਗਰ ਵਲ ਮੂੰਹ ਕਰ ਕੇ ਦੂਰ ਤੋਂ ਹੀ ਗੁਰੂ ਜੀ ਦਾ ਹੁਕਮ ਸੁਣਾ ਦਿੱਤਾ ਜਿਵੇਂ ਉਸ ਨੂੰ ਯਕੀਨ ਸੀ ਕਿ ਕੋਈ

The Lion Hearted Sher Khan

Sher Khan the governor of the state of Malerkotla was a man devoted to God. The day young princes Fateh Singh and Zorawar Singh, the sons of Guru Gobind Singh, were presented in the court of the governor of Sirhind, Sher Khan was also present there. The governor of Sirhind, Vazir Khan suggested to him to take the revenge of his brother Nahar Khan's death, by torturing the young princes. Nahar Khan was killed by an arrow shot by the Guru while he was trying to scale the wall of the fortress of Chamkaur. The lion hearted Sher Khan refused his suggestion. When the qazi (Muslim magistrate) pronounced the sentence of embedding the princes alive in the wall, Sher Khan could not bear this atrocity being committed.


Sher Khan stood up and said in the full court, "These children are innocent. The children of five and seven years have done you no harm. They are not guilty. Giving punishment to the small children like these is in contravension of the tenets of Islam. The government has a quarrel with their father. You have not been able either to arrest him or to do him any harm. Inspite of an army of hundreds of thousands of men patrolling he is moving about in the country like a lion. To avenge anger, against him, on these innocent children is an injustice."

The qazi who had pronounced judgement replied, "Sher Khan, I am a qazi and I know the tenets of Islam better than you do. The Islamic law permits that the sons of an infidal can be crushed like sugarcane in a crusher. Taking pity on these innocent children, I have sentenced them to be embedded alive in a wall. In this case this sentence is befitting."

When Sher Khan saw that Vazir Khan was not agreeing with his point of view, he wrote to Aurangzeb about this injustice being committed and asked for the release of the Guru's sons. No heed was paid to Sher Khan's letter even by Aurangzeb. Aurangzeb did not stop the governor of Sirhind from committing unparalleled cruelty.

When Guru Gobind Singh came to know about the event that Sher Khan had raised his voice against this atrocity being committed, he said, "Malerkotla kingdom will endure for-ever."

These words said by the Guru came to be true. The Nawabs (governors) of Malerkotla ruled the state till attainment of freedom by India. Whenever the governor of that state committed any mistake, the Sikh chiefs chastised him but did not establish rule over the state. The governors and nawabs of other adjoining states kept on changing. Only the descendents of that lion hearted Sher Khan ruled the state of Malerkotla.


The Lion Hearted Sher Khan
ਸ਼ੇਰਦਿਲ ਸ਼ੇਰ ਖ਼ਾਨ

ਸ਼ੇਰਦਿਲ ਸ਼ੇਰ ਖ਼ਾਨ

ਸ਼ੇਰ ਮੁਹੰਮਦ ਖ਼ਾਨ ਮਲੇਰ ਕੋਟਲੇ ਦੀ ਰਿਆਸਤ ਦਾ ਨਵਾਬ ਰੱਬ ਤੋਂ ਬੜਾ ਡਰਨ ਵਾਲਾ ਬੰਦਾ ਸੀ। ਜਿਸ ਦਿਨ ਗੁਰੂ ਗੋਬਿੰਦ ਸਿੰਘ ਦੇ ਛੋਟੇ ਦੋ ਸਾਹਿਬਜ਼ਾਦੇ ਸੂਬਾ ਸਰਹੰਦ ਦੀ ਕਚਹਿਰੀ ਵਿਚ ਪੇਸ਼ ਕੀਤੇ ਗਏ ਸਨ ਉਸ ਦਿਨ ਉਹ ਵੀ ਕਚਹਿਰੀ ਵਿਚ ਹਾਜ਼ਰ ਸੀ। ਉਸ ਨੂੰ ਸਰਹੰਦ ਦੇ ਸੂਬੇ ਵਜ਼ੀਰ ਖ਼ਾਨ ਨੇ ਆਪਣੇ ਭਰਾ ਨਾਹਰ ਖ਼ਾਂ ਦਾ ਬਦਲਾ ਇਨ੍ਹਾਂ ਬੱਚਿਆਂ ਉੱਪਰ ਜ਼ੁਲਮ ਕਰਕੇ ਲੈਣ ਲਈ ਕਿਹਾ। ਨਾਹਰ ਖਾਂ ਦੀ ਮੌਤ ਗੁਰੂ ਜੀ ਦੇ ਤੀਰ ਲੱਗਣ ਨਾਲ ਹੋਈ ਸੀ ਜਦੋਂ ਉਹ ਚਮਕੌਰ ਦੀ ਗੜ੍ਹੀ ਦੀ ਕੰਧ ਟੱਪਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਸ਼ੇਰ ਦਿਲ ਸ਼ੇਰ ਖ਼ਾਨ ਨੇ ਨਾਂਹ ਕਰ ਦਿੱਤੀ। ਜਦੋਂ ਕਾਜ਼ੀ ਨੇ ਬੱਚਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣੇ ਜਾਣ ਦੀ ਸਜ਼ਾ ਸੁਣਾਈ ਤਾਂ ਉਹ ਇਹ ਜ਼ੁਲਮ ਹੁੰਦਾ ਦੇਖ ਕੇ ਬਰਦਾਸ਼ਤ ਨਾ ਕਰ ਸਕਿਆ।

ਸ਼ੇਰ ਖ਼ਾਨ ਨੇ ਭਰੀ ਕਚਹਿਰੀ ਵਿਚ ਖੜੇ ਹੋ ਕੇ ਕਿਹਾ, ''ਇਹ ਬੱਚੇ ਮਾਸੂਮ ਹਨ। ਇਨ੍ਹਾਂ ਨੇ ਤੁਸਾਂ ਦਾ ਕੁਝ ਨਹੀਂ ਵਿਗਾੜਿਆ। ਇਹ ਨਿਰਦੋਸ਼ ਹਨ। ਇਨ੍ਹਾਂ ਨੂੰ ਸਜ਼ਾ ਦੇਣਾ ਇਸਲਾਮ ਧਰਮ ਦੇ ਅਸੂਲਾਂ ਦੇ ਖਿਲਾਫ ਹੈ। ਇਨ੍ਹਾਂ ਦੇ ਪਿਤਾ ਨਾਲ ਸਰਕਾਰ ਦਾ ਝਗੜਾ ਹੈ। ਉਸ ਨੂੰ ਤੁਸੀਂ ਗ੍ਰਿਫਤਾਰ ਨਹੀਂ ਕਰ ਸਕੇ ਤੇ ਨਾ ਹੀ ਉਸ ਦਾ ਕੁਝ ਵਿਗਾੜ ਸਕੇ ਹੋ। ਉਹ ਤੁਸਾਂ ਦੀ ਲੱਖਾਂ ਦੀ ਗਿਣਤੀ ਵਿਚ ਗਸ਼ਤੀ ਫ਼ੌਜ ਦੇ ਹੁੰਦੇ ਹੋਏ ਵੀ ਇਕ ਖੁਲ੍ਹੇ ਸ਼ੇਰ ਵਾਂਗ ਦੇਸ਼ ਵਿਚ ਚੱਕਰ ਕੱਟ ਰਿਹਾ ਹੈ। ਉਸ ਦਾ ਗੁੱਸਾ ਇਨ੍ਹਾਂ ਮਾਸੂਮ ਬੱਚਿਆਂ ਉਪਰ ਕੱਢਣਾ ਬੇਇਨਸਾਫ਼ੀ ਹੈ।''

ਸਜ਼ਾ ਸੁਣਾਉਣ ਵਾਲੇ ਕਾਜ਼ੀ ਨੇ ਸ਼ੇਰ ਖ਼ਾਨ ਨੂੰ ਉੱਤਰ ਦਿੱਤਾ, ''ਸ਼ੇਰ ਖ਼ਾਨ, ਮੈਂ ਕਾਜ਼ੀ ਹਾਂ ਤੇ ਇਸਲਾਮ ਦੀ ਸ਼ਰ੍ਹਾ ਦੀ ਬਾਬਤ ਮੈਂ ਤੇਰੇ ਨਾਲੋਂ ਵੱਧ ਜਾਣਦਾ ਹਾਂ। ਮੈਂ ਠੀਕ ਕਹਿੰਦਾ ਹਾਂ ਕਿ ਇਕ ਕਾਫ਼ਰ ਦੇ ਬੱਚਿਆਂ ਨੂੰ ਇਸਲਾਮ ਦੀ ਸ਼ਰ੍ਹਾ ਇਜਾਜ਼ਤ ਦਿੰਦੀ ਹੈ ਕਿ ਗੰਨਿਆਂ ਦੀ ਤਰ੍ਹਾਂ ਘੁਲਾੜੀ ਵਿਚ ਪੀੜਿਆ ਜਾ ਸਕਦਾ ਹੈ। ਮੈਂ ਇਨ੍ਹਾਂ ਪੰਜ ਸੱਤ ਸਾਲ ਦੇ ਮਾਸੂਮਾਂ ਉਪਰ ਤਰਸ ਖਾ ਕੇ, ਇਨ੍ਹਾਂ ਨੂੰ ਦੀਵਾਰ ਵਿਚ ਜ਼ਿੰਦਾ ਚਿਣੇ ਜਾਣ ਦੀ ਹੀ ਸਜ਼ਾ ਦਿੱਤੀ ਹੈ। ਇਹ ਸਜ਼ਾ ਇਸ ਹਾਲਤ ਵਿਚ ਇਨ੍ਹਾਂ ਲਈ ਬਹੁਤ ਘੱਟ ਹੈ।''

ਸ਼ੇਰ ਖ਼ਾਨ ਨੇ ਦੇਖ ਲਿਆ ਕਿ ਸੂਬਾ ਵਜ਼ੀਰ ਖ਼ਾਨ ਉਸ ਦੀ ਗੱਲ ਨਹੀਂ ਮੰਨਦਾ ਤਾਂ ਉਸ ਨੇ ਔਰੰਗਜ਼ੇਬ ਨੂੰ ਇਸ ਹੁੰਦੀ ਬੇਇਨਸਾਫੀ ਤੇ ਜ਼ੁਲਮ ਬਾਬਤ ਲਿਖਿਆ ਤੇ ਸਾਹਿਬਜ਼ਾਦਿਆਂ ਨੂੰ ਛੱਡੇ ਜਾਣ ਦੀ ਮੰਗ ਕੀਤੀ। ਔਰੰਗਜ਼ੇਬ ਨੇ ਵੀ ਸ਼ੇਰ ਖ਼ਾਨ ਦੀ ਚਿੱਠੀ ਵੱਲ ਕੋਈ ਧਿਆਨ ਨਾ ਦਿੱਤਾ। ਉਸ ਨੇ ਵੀ ਸੂਬਾ ਸਰਹੰਦ ਨੂੰ ਇਸ ਤਰ੍ਹਾਂ ਦਾ ਜ਼ੁਲਮ ਕਰਨ ਤੋਂ ਨਾ ਰੋਕਿਆ।

ਇਸ ਘਟਨਾ ਦਾ ਪਤਾ ਜਦੋਂ ਗੁਰੂ ਗੋਬਿੰਦ ਸਿੰਘ ਨੂੰ ਚਲਿਆ ਕਿ ਸ਼ੇਰ ਖ਼ਾਨ ਨੇ ਇਸ ਹੁੰਦੇ ਜ਼ੁਲਮ ਦੇ ਖਿਲਾਫ਼ ਆਵਾਜ਼ ਉਠਾਈ ਸੀ ਤਾਂ ਉਨ੍ਹਾਂ ਕਿਹਾ, ''ਮਲੇਰ ਕੋਟਲੇ ਦਾ ਰਾਜ ਸਦਾ ਰਹੇਗਾ।''

ਗੁਰੂ ਜੀ ਦੇ ਕਹੇ ਹੋਏ ਉਹ ਬਚਨ ਸੱਚੇ ਹੋਏ। ਮਲੇਰ ਕੋਟਲੇ ਦੇ ਨਵਾਬ ਦਾ ਰਾਜ ਭਾਰਤ ਨੂੰ ਅਜ਼ਾਦੀ ਮਿਲਣ ਤਕ ਬਰਾਬਰ ਕਾਇਮ ਰਿਹਾ। ਉਸ ਰਿਆਸਤ ਦੇ ਨਵਾਬ ਨੇ ਜਦੋਂ ਵੀ ਕੋਈ ਗ਼ਲਤੀ ਕੀਤੀ ਤਾਂ ਸਿੱਖ ਸਰਦਾਰਾਂ ਰਲ ਕੇ ਉਸ ਨੂੰ ਸੋਧਿਆ ਪਰ ਰਿਆਸਤ ਉਸ ਪਾਸ ਹੀ ਰਹਿਣ ਦਿੰਦੇ ਰਹੇ। ਬਾਕੀ ਆਸ ਪਾਸ ਦੀਆਂ ਰਿਆਸਤਾਂ ਤੇ ਸੂਬਿਆਂ ਦੇ ਰਾਜੇ ਤੇ ਨਵਾਬ ਸਦਾ ਬਦਲਦੇ ਰਹੇ। ਮਲੇਰ ਕੋਟਲੇ ਦੀ ਰਿਆਸਤ ਉੱਪਰ ਸ਼ੇਰ ਦਿਲ ਸ਼ੇਰ ਖ਼ਾਨ ਦੀ ਔਲਾਦ ਹੀ ਰਾਜ ਕਰਦੀ ਰਹੀ।

Great Deed by Little Ones

Prince Zorawar Singh and Prince Fateh Singh were the two younger sons of Guru Gobind Singh. They were seven and five years of age at the time of leaving Anandpur. While crossing Sirsa river in the darkness of night, the currents of water carried them and Mata Gujri, their grandmother, far away from the rest of the family. They were met by Gangu, the cook of the Guru's institution. Gangu took them along with him to his village Kheri. On the third day, he handed them over to the police.

When the governor of Sirhind came to know of these arrests, he was overjoyed. He said, "Let them be locked without food and drink in the cold tower and not be given any warm clothing or blanket to ward off the cold." As per orders of the governor, they were kept without food in the cold. A policeman was sent the next morning to bring them to the court. Before seeing them off, the grandmother advised them not to forsake their faith no matter what temptations, threats or intimidations were made by the governor.


Both sons of the Guru accompanied by the policeman, entered the court. Both of them folded their hands and said, "Wahiguru ji ka Khalsa, Wahiguru ji ki fateh, means Khalsa (The pure) of the wondrous lord, victory to the wondrous lord." The governor was about to say something on hearing this greeting of victory when his minister Sucha Nand spoke, "Children, this is the court of Mughal empire and not the court of Anandpur. Here, you have to bow your head to the governor. Inspite of being a Hindu, I bow my head before every governor."

Prince Zorawar Singh replied, "Our heads cannot bow before anyone except God and the Guru." This plain answer from the Prince incensed Sucha Nand very much yet he could not do anything and became silent. Vazir Khan, the governor of Sirhind, was confident that he would convert Guru's sons to Islam by luring them with riches and worldly comforts which would be the great victory for him. He lured and tempted the Princes with many things but they did not agree.

In the end, the governor asked them, "What will you do outside if I set you free?" Prince Zorawar Singh replied, "On growing up, we shall gather Singhs and fight against tyranny until it is finished or we die fighting. We shall follow the example set by our grandfather and his Sikhs. We cannot concede defeat to the tyranny. We shall live with honour and want to die with honour. We do not like the life of cowards."

The governor was alarmed on hearing that. He thought that there would be a perpetual threat to his life in case they live. He thought that his future would be safe in finishing them.

Princes aged seven and five were embedded alive in a wall by his orders. In fact, the determination of the princes to remain firm in their faith was another defeat for the governor.


Great Deed by Little Ones
ਛੋਟੀਆਂ ਜਿੰਦਾਂ ਵੱਡਾ ਸਾਕਾ

ਛੋਟੀਆਂ ਜਿੰਦਾਂ ਵੱਡਾ ਸਾਕਾ

ਗੁਰੂ ਗੋਬਿੰਦ ਸਿੰਘ ਜੀ ਦੇ ਜ਼ੋਰਾਵਰ ਸਿੰਘ ਤੇ ਫਤਹ ਸਿੰਘ ਦੋ ਛੋਟੇ ਸਾਹਿਬਜ਼ਾਦੇ ਸਨ। ਅਨੰਦਪੁਰ ਛੱਡਣ ਸਮੇਂ ਉਨ੍ਹਾਂ ਦੀ ਉਮਰ ਸੱਤ ਸਾਲ ਤੇ ਪੰਜ ਸਾਲ ਦੀ ਸੀ। ਰਾਤ ਦੇ ਅੰਧੇਰੇ ਵਿਚ ਸਰਸਾ ਨਦੀ ਪਾਰ ਕਰਦੇ ਹੋਏ ਛੋਟੇ ਸਾਹਿਬਜ਼ਾਦੇ ਤੇ ਗੁਰੂ ਗੋਬਿੰਦ ਸਿੰਘ ਦੀ ਮਾਤਾ ਗੁਜਰੀ ਪ੍ਰਵਾਰ ਨਾਲੋਂ ਵਿਛੜ ਗਏ। ਅਗੋਂ ਉਨ੍ਹਾਂ ਨੂੰ ਗੁਰੂ ਘਰ ਦਾ ਰਸੋਈਆ ਗੰਗੂ ਮਿਲ ਗਿਆ। ਗੰਗੂ ਉਨ੍ਹਾਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ। ਤੀਜੇ ਦਿਨ ਉਸ ਨੇ ਉਨ੍ਹਾਂ ਨੂੰ ਪੁਲੀਸ ਦੇ ਹਵਾਲੇ ਕਰ ਦਿਤਾ।

ਸੂਬਾ ਸਰਹੰਦ ਨੂੰ ਜਦੋਂ ਇਨ੍ਹਾਂ ਗ੍ਰਿਫਤਾਰੀਆਂ ਦਾ ਪਤਾ ਚਲਿਆ ਤਾਂ ਉਹ ਬਹੁਤ ਖ਼ੁਸ਼ ਹੋਇਆ। ਉਸ ਨੇ ਕਿਹਾ, "ਉਨ੍ਹਾਂ ਨੂੰ ਭੁੱਖੇ ਭਾਣੇ ਠੰਢੇ ਬੁਰਜ ਵਿਚ ਬੰਦ ਕਰ ਦਿੱਤਾ ਜਾਵੇ ਤੇ ਉਨ੍ਹਾਂ ਨੂੰ ਠੰਢ ਤੋਂ ਬਚਣ ਲਈ ਕੋਈ ਕਪੜਾ ਨਾ ਦਿੱਤਾ ਜਾਵੇ।" ਸੂਬੇ ਦੇ ਹੁਕਮ ਅਨੁਸਾਰ ਉਨ੍ਹਾਂ ਨੂੰ ਭੁੱਖੇ ਰੱਖਿਆ ਗਿਆ ਤੇ ਦੂਜੀ ਸਵੇਰ ਉਨ੍ਹਾਂ ਨੂੰ ਸੂਬੇ ਦੀ ਕਚਹਿਰੀ ਵਿਚ ਪੇਸ਼ ਕਰਨ ਲਈ ਇਕ ਸਿਪਾਹੀ ਬੁਲਾਉਣ ਗਿਆ। ਪੋਤਿਆਂ ਨੂੰ ਤੋਰਨ ਤੋਂ ਪਹਿਲਾਂ ਉਨ੍ਹਾਂ ਦੀ ਦਾਦੀ ਨੇ ਉਨ੍ਹਾਂ ਨੂੰ ਸਿੱਖਿਆ ਦਿੱਤੀ ਕਿ ਧਰਮ ਨਹੀਂ ਤਿਆਗਣਾ ਭਾਵੇਂ ਸੂਬਾ ਤੁਸਾਂ ਨੂੰ ਕਿੰਨੇ ਵੀ ਲਾਲਚ ਦੇਵੇ ਤੇ ਕਿੰਨਾ ਵੀ ਡਰਾਵੇ ਜਾਂ ਧਮਕਾਵੇ।

ਦੋਵੇਂ ਸਾਹਿਬਜ਼ਾਦੇ ਸਿਪਾਹੀ ਦੇ ਨਾਲ ਸੂਬੇ ਦੀ ਕਚਹਿਰੀ ਵਿਚ ਦਾਖ਼ਲ ਹੋ ਗਏ। ਉਨ੍ਹਾਂ ਦੋਹਾਂ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹ।।" ਇਹ ਫਤਹ ਸੁਣ ਕੇ ਸੂਬਾ ਕੁਝ ਬੋਲਣ ਹੀ ਲਗਿਆ ਸੀ ਕਿ ਉਸ ਤੋਂ ਪਹਿਲਾਂ ਉਸ ਦਾ ਵਜ਼ੀਰ ਸੁੱਚਾ ਨੰਦ ਬੋਲ ਉਠਿਆ, "ਬੱਚਿਉ, ਇਹ ਮੁਗਲ ਸਰਕਾਰ ਦਾ ਦਰਬਾਰ ਹੈ। ਅਨੰਦਪੁਰ ਦਾ ਦਰਬਾਰ ਨਹੀਂ। ਏਥੇ ਸੂਬੇ ਨੂੰ ਸਿਰ ਝੁਕਾਉਣਾ ਹੁੰਦਾ ਹੈ। ਮੈਂ ਹਿੰਦੂ ਹੁੰਦਿਆਂ ਹੋਇਆਂ ਵੀ ਹਰ ਸੂਬੇ ਨੂੰ ਸਿਰ ਝੁਕਾਉਂਦਾ ਹਾਂ।"

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਉਤਰ ਦਿਤਾ, "ਸਾਡਾ ਸਿਰ ਪ੍ਰਮਾਤਮਾ ਤੇ ਗੁਰੂ ਤੋਂ ਬਿਨਾਂ ਹੋਰ ਕਿਸੇ ਅੱਗੇ ਨਹੀਂ ਝੁਕ ਸਕਦਾ।" ਸੁੱਚਾ ਨੰਦ ਨੂੰ ਇਹ ਕੋਰਾ ਜਵਾਬ ਸੁਣ ਕੇ ਸਾਹਿਬਜ਼ਾਦਿਆਂ ਉਪਰ ਗੁੱਸਾ ਤਾਂ ਬਹੁਤ ਆਇਆ ਪਰ ਕਰ ਕੁਝ ਨਾ ਸਕਿਆ। ਚੁੱਪ ਕਰਕੇ ਬੈਠ ਗਿਆ। ਸੂਬਾ ਵਜ਼ੀਰ ਖ਼ਾਨ ਨੂੰ ਆਪਣੇ ਉੱਪਰ ਬਹੁਤ ਭਰੋਸਾ ਸੀ ਕਿ ਉਹ ਮਾਸੂਮ ਬੱਚਿਆਂ ਨੂੰ ਦੁਨੀਆਂ ਦੀ ਮਾਇਆ ਦੇ ਲਾਲਚ ਵਿਚ ਫਸਾ ਕੇ ਮੁਸਲਮਾਨ ਬਣਾ ਲਵੇਗਾ, ਜਿਹੜੀ ਉਸ ਦੀ ਬਹੁਤ ਵੱਡੀ ਜਿੱਤ ਹੋਵੇਗੀ। ਉਸ ਨੇ ਸਾਹਿਬਜ਼ਾਦਿਆਂ ਨੂੰ ਬਹੁਤ ਲਾਲਚ ਦਿੱਤੇ ਪਰ ਉਹ ਨਾ ਮੰਨੇ।

ਅੰਤ ਵਿਚ ਸੂਬੇ ਨੇ ਉਨ੍ਹਾਂ ਨੂੰ ਪੁੱਛਿਆ, "ਜੇ ਮੈਂ ਤੁਸਾਂ ਨੂੰ ਛੱਡ ਦੇਵਾਂ ਤਾਂ ਤੁਸੀਂ ਬਾਹਰ ਜਾ ਕੇ ਕੀ ਕਰੋਗੇ?" ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਉੱਤਰ ਦਿਤਾ, "ਅਸੀਂ ਵੱਡੇ ਹੋ ਕੇ ਸਿੰਘ ਇਕੱਠੇ ਕਰਕੇ ਜ਼ੁਲਮ ਦੇ ਖ਼ਿਲਾਫ਼ ਲੜਾਂਗੇ ਜਦੋਂ ਤਕ ਜ਼ੁਲਮ ਦਾ ਅੰਤ ਨਹੀਂ ਹੁੰਦਾ ਜਾਂ ਅਸੀਂ ਜ਼ੁਲਮ ਦਾ ਖ਼ਾਤਮਾ ਕਰਦੇ ਕਰਦੇ ਸ਼ਹੀਦੀਆਂ ਪ੍ਰਾਪਤ ਨਹੀਂ ਕਰ ਜਾਂਦੇ ਜਿਵੇਂ ਸਾਡੇ ਦਾਦਾ ਜੀ ਤੇ ਉਨ੍ਹਾਂ ਦੇ ਸਿੱਖਾਂ ਨੇ ਸਾਡੇ ਲਈ ਪੂਰਨੇ ਪਾਏ ਹਨ। ਅਸੀਂ ਜ਼ੁਲਮ ਅੱਗੇ ਹਾਰ ਨਹੀਂ ਮੰਨ ਸਕਦੇ। ਅਸੀਂ ਅਣਖ ਨਾਲ ਹੀ ਮਰਨਾ ਚਾਹੁੰਦੇ ਹਾਂ। ਬੁਜ਼ਦਿਲਾਂ ਦੀ ਜ਼ਿੰਦਗੀ ਸਾਨੂੰ ਪਸੰਦ ਨਹੀਂ।"

ਇਹ ਸੁਣ ਕੇ ਸੂਬੇ ਨੂੰ ਡਰ ਪੈ ਗਿਆ, ਜੇ ਉਹ ਜ਼ਿੰਦਾ ਰਹੇ ਤਾਂ ਉਸ ਦੀ ਜਾਨ ਨੂੰ ਖ਼ਤਰਾ ਸਦਾ ਬਣਿਆ ਰਹੇਗਾ। ਉਸ ਨੇ ਉਨ੍ਹਾਂ ਨੂੰ ਖ਼ਤਮ ਕਰਨ ਵਿਚ ਹੀ ਆਪਣੀ ਭਲਾਈ ਸਮਝੀ।

ਸਤ ਸਾਲ ਤੇ ਪੰਜ ਸਾਲ ਦੇ ਸਾਹਿਬਜ਼ਾਦਿਆਂ ਨੂੰ ਉਸ ਦੇ ਹੁਕਮ ਨਾਲ ਜ਼ਿੰਦਾ ਦੀਵਾਰ ਵਿਚ ਚਿਣਵਾ ਦਿੱਤਾ ਗਿਆ। ਸਾਹਿਬਜ਼ਾਦਿਆਂ ਦਾ ਧਰਮ ਉੱਪਰ ਪੱਕੇ ਰਹਿਣਾ, ਅਸਲ ਵਿਚ ਸੂਬੇ ਦੀ ਇਕ ਹੋਰ ਹਾਰ ਸੀ।

The Revered Saint

Obeying the command of the 'Panth' (Decision arrived at by five Singhs) Guru Gobind Singh left the fortress of Chamkaur in the darkness of night and started towards the forest of Machhiwara. The next morning the Guru reached the orchard whose owner was Gulaba, a Kshatri by caste. Seeing a shady tree, the Guru lay down under it. Being tired, he fell fast asleep. When Bhai Daya Singh, Dharm Singh and Maan Singh came, they woke him up. A worker in the garden informed his master Gulaba, about the Guru. Gulaba was frightened when he came to know that a rebel of the government was taking shelter in his garden. He came to Nabi Khan and Ghani Khan and informed them about him.

Nabi Khan and Ghani Khan, residents of Machhiwara in Ludhiana district, were brothers. Being traders of horses, people from far and near knew them by name. They also came to Anandpur from time to time to sell horses to Guru Gobind Singh. Seeing equal love for all at Guru's institution, they also became devotees.

Nabi Khan and Ghani Khan prepared food for the Guru and the Singhs. Accompanying Gulaba, they came to the garden and offered the food to the Guru and the Singhs. Seeing Gulaba frightened, they requested the Guru, "Please accompany us to our house and give us a chance to serve you. While with us, we will do whatever you want us to do." The Guru accepted their offer and moved to their house.


A plan was made at night to make the Guru "Uch Da Pir" (Head of saint sect from Multan province) and take him out of the seige of the patrolling army. Blue garments of homespun cotten were prepared during the night. Just at the break of dawn, the Guru was clad in blue garments and seated on a bed woven with strings making him "Uch Da Pir". The two brothers and the three Singhs also wore blue garments. Nabi Khan and Ghani Khan took the front feet of the bed on their shoulders so that they may be able to reply to the enquiries on the way. Bhai Daya Singh took a fan of peacock feathers and began waving it over the Guru's head. Bhai Dharam Singh and Maan Singh gave their shoulders to the rear posters of the bed.

On the way Munshi Pir Mohammand Qazi, who taught Persian to the Guru, gave testimony to his being "Uch Da Pir". He said, "This is some angel in tune with Allah (God). He has no love for the material of the world. By stopping him you incur the wrath of God. He should be allowed to go where he may wish."

The royal patrol believed what the Qazi said. They bowed to the Pir and asked forgiveness for their mistake.

Making the Guru the revered saint the two brothers took him out of the danger of the royal army and carried him to Alamgir in Ludhiana district. The Guru saw them off with a letter of honour.

The Revered Saint
ਉੱਚ ਦੇ ਪੀਰ



ਉੱਚ ਦੇ ਪੀਰ

ਪੰਥ ਦਾ ਹੁਕਮ ਮੰਨ ਕੇ ਗੁਰੂ ਗੋਬਿੰਦ ਸਿੰਘ ਰਾਤ ਦੇ ਅੰਧੇਰੇ ਵਿਚ ਚਮਕੋਰ ਦੀ ਗੜ੍ਹੀ ਵਿਚੋਂ ਬਾਹਰ ਨਿਕਲ ਕੇ ਮਾਛੀਵਾੜੇ ਦੇ ਨੇੜੇ ਗੁਲਾਬੇ ਖੱਤਰੀ ਦੇ ਬਾਗ ਵਿਚ ਪੁੱਜੇ। ਘਣੀ ਛਾਂ ਵਾਲਾ ਬੂਟਾ ਦੇਖ ਕੇ ਆਪ ਉਸ ਦੀ ਛਾਂ ਵਿਚ ਲੇਟ ਗਏ। ਥਕੇਵੇਂ ਕਾਰਨ ਆਪ ਨੂੰ ਗੂੜ੍ਹੀ ਨੀਂਦ ਆ ਗਈ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੇ ਆਪ ਨੂੰ ਆ ਜਗਾਇਆ। ਬਾਗ ਦੇ ਕਾਮੇ ਨੇ ਜਾ, ਆਪਣੇ ਮਾਲਕ ਗੁਲਾਬੇ ਨੂੰ ਗੁਰੂ ਜੀ ਬਾਬਤ ਖਬਰ ਕੀਤੀ। ਗੁਲਾਬਾ ਬਹੁਤ ਡਰ ਗਿਆ ਜਦੋਂ ਉਸ ਨੂੰ ਪਤਾ ਚਲਿਆ ਕਿ ਸਰਕਾਰ ਦਾ ਬਾਗੀ ਉਸ ਦੇ ਬਾਗ ਵਿਚ ਪਨਾਹ ਲੈ ਰਿਹਾ ਸੀ। ਉਸ ਨੇ ਨਬੀ ਖ਼ਾਨ ਤੇ ਗ਼ਨੀ ਖ਼ਾਨ ਨੂੰ ਜਾ ਦਸਿਆ।

ਨਬੀ ਖ਼ਾਨ ਤੇ ਗ਼ਨੀ ਖਾਨ ਦੋ ਭਰਾ ਮਾਛੀਵਾੜਾ ਜ਼ਿਲਾ ਲੁਧਿਆਣਾ ਦੇ ਰਹਿਣ ਵਾਲੇ ਸਨ। ਘੋੜਿਆਂ ਦੇ ਵਪਾਰੀ ਹੋਣ ਕਾਰਨ ਦੂਰ ਨੇੜੇ ਦੇ ਲੋਕੀ ਉਨ੍ਹਾਂ ਦੇ ਨਾਵਾਂ ਤੋਂ ਜਾਣੂ ਸਨ। ਅਨੰਦਪੁਰ ਗੁਰੂ ਜੀ ਪਾਸ ਵੀ ਉਹ ਘੋੜੇ ਵੇਚਣ ਆਉਂਦੇ ਸਨ। ਗੁਰੂ ਘਰ ਦਾ ਸਾਂਝਾ ਪਿਆਰ ਦੇਖ ਕੇ ਉਹ ਗੁਰੂ ਘਰ ਦੇ ਸ਼ਰਧਾਲੂ ਬਣ ਗਏ ਸਨ।

ਨਬੀ ਖ਼ਾਨ ਤੇ ਗ਼ਨੀ ਖ਼ਾਨ ਨੇ ਗੁਰੂ ਜੀ ਤੇ ਉਨ੍ਹਾਂ ਦੇ ਨਾਲ ਆਏ ਸਿੱਖਾਂ ਲਈ ਭੋਜਨ ਤਿਆਰ ਕੀਤਾ ਤੇ ਲੰਗਰ ਲੈ ਕੇ ਬਾਗ ਵਿਚ ਹਾਜ਼ਰ ਹੋਏ। ਗੁਲਾਬੇ ਨੂੰ ਬਹੁਤ ਡਰਿਆ ਹੋਇਆ ਦੇਖ ਕੇ ਉਨ੍ਹਾਂ ਗੁਰੂ ਜੀ ਅੱਗੇ ਬੇਨਤੀ ਕੀਤੀ, "ਗੁਰੂ ਜੀ, ਤੁਸੀਂ ਸਾਡੇ ਨਾਲ ਸਾਡੇ ਘਰ ਚਲੋ ਤੇ ਸਾਨੂੰ ਸੇਵਾ ਕਰਨ ਦਾ ਮੌਕਾ ਦੇਵੋ। ਸਾਡੇ ਪਾਸ ਰਹਿੰਦੇ ਹੋਏ, ਜਿਸ ਤਰ੍ਹਾਂ ਤੁਸੀਂ ਸਾਨੂੰ ਕਰਨ ਨੂੰ ਕਹੋਗੇ ਅਸੀਂ ਕਰਾਂਗੇ।" ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਦਿਤਾ।

ਰਾਤ ਨੂੰ ਯੋਜਨਾ ਬਣਾਈ ਗਈ ਕਿ ਗੁਰੂ ਜੀ ਨੂੰ "ਉੱਚ ਦੇ ਪੀਰ" ਬਣਾ ਕੇ ਗਸ਼ਤ ਕਰਦੀ ਫ਼ੌਜ ਦੇ ਘੇਰੇ ਤੋਂ ਬਾਹਰ ਕਢਿਆ ਜਾਵੇ। ਰਾਤੋ ਰਾਤ ਖਦਰ ਦੇ ਨੀਲੇ ਬਸਤ੍ਰ ਬਣਵਾਏ ਗਏ। ਸੂਰਜ ਦੀ ਟਿੱਕੀ ਨਿਕਲਣ ਉੱਪਰ ਗੁਰੂ ਜੀ ਨੂੰ ਨੀਲੇ ਬਸਤ੍ਰ ਪਹਿਨਾ ਕੇ, ਉੱਚ ਦੇ ਪੀਰ ਬਣਾ ਕੇ ਇਕ ਚਾਰਪਾਈ ਉੱਪਰ ਬੈਠਾਇਆ ਗਿਆ। ਉਨ੍ਹਾਂ ਨਾਲ ਦੇ ਤਿੰਨਾਂ ਸਿੰਘਾਂ ਨੇ ਵੀ ਨੀਲੇ ਪੁਸ਼ਾਕੇ ਪਹਿਨ ਲਏ। ਨਬੀ ਖ਼ਾਨ ਤੇ ਗ਼ਨੀ ਖ਼ਾਨ ਨੇ ਚਾਰਪਾਈ ਦੇ ਅਗਲੇ ਪਾਵਿਆਂ ਦੇ ਨਾਲ ਆਪਣੇ ਮੋਢੇ ਦੇ ਦਿੱਤੇ ਤਾਂ ਜੋ ਉਹ ਪੁੱਛਣ ਵਾਲੇ ਨੂੰ ਜਵਾਬ ਦੇ ਸਕਣ। ਭਾਈ ਦਇਆ ਸਿੰਘ ਨੇ ਮੋਰਾਂ ਦੇ ਖੰਭਾਂ ਦੀ ਚੌਰ ਗੁਰੂ ਜੀ ਉੱਪਰ ਕਰਨੀ ਸ਼ੁਰੂ ਕਰ ਦਿੱਤੀ। ਭਾਈ ਧਰਮ ਸਿੰਘ ਤੇ ਮਾਨ ਸਿੰਘ ਨੇ ਚਾਰਪਾਈ ਦੇ ਪਿੱਛਲੇ ਦੋ ਪਾਵਿਆਂ ਨੂੰ ਮੋਢੇ ਦੇ ਦਿੱਤੇ।

ਰਸਤੇ ਵਿਚ ਉੱਚ ਦੇ ਪੀਰ ਦੀ ਸ਼ਨਾਖਤ, ਗੁਰੂ ਜੀ ਨੂੰ ਫਾਰਸੀ ਪੜ੍ਹਾਉਣ ਵਾਲੇ ਮੁਨਸ਼ੀ ਪੀਰ ਮੁਹੰਮਦ ਕਾਜ਼ੀ ਪਾਸੋਂ ਕਰਵਾਈ ਗਈ। ਉਨ੍ਹਾਂ ਕਿਹਾ, "ਇਹ ਤਾਂ ਕੋਈ ਅੱਲਾ ਨੂੰ ਪੁੱਜਾ ਹੋਇਆ ਫਕੀਰ ਜਾਪਦਾ ਹੈ। ਇਸ ਨੂੰ ਦੁਨੀਆਂ ਨਾਲ ਕੋਈ ਲਗਾਉ ਨਹੀਂ। ਇਸ ਨੂੰ ਰੋਕ ਕੇ ਖੁਦਾ ਨੂੰ ਨਾਰਾਜ਼ ਕਰਨਾ ਹੈ। ਇਨ੍ਹਾਂ ਨੂੰ ਆਪਣੀ ਮੌਜ ਵਿਚ ਜਿੱਧਰ ਜਾਂਦੇ ਹਨ ਜਾਣ ਦੇਣਾ ਚਾਹੀਦਾ ਹੈ।"

ਸ਼ਾਹੀ ਦਸਤੇ ਨੇ ਕਾਜ਼ੀ ਦੇ ਕਹਿਣ ਦਾ ਯਕੀਨ ਕੀਤਾ। ਉਨ੍ਹਾਂ ਪੀਰ ਅੱਗੇ ਸਿਜਦਾ ਕੀਤਾ ਤੇ ਆਪਣੀ ਗ਼ਲਤੀ ਦੀ ਮੁਆਫੀ ਮੰਗੀ।

ਗੁਰੂ ਜੀ ਨੂੰ ਉੱਚ ਦੇ ਪੀਰ ਬਣਾ ਕੇ ਦੋਹਾਂ ਭਰਾਵਾਂ ਸ਼ਾਹੀ ਖ਼ਤਰੇ ਤੋਂ ਬਾਹਰ ਆਲਮਗੀਰ ਪਹੁੰਚਾ ਦਿੱਤਾ। ਗੁਰੂ ਜੀ ਨੇ ਦੋਹਾਂ ਭਰਾਵਾਂ ਨੂੰ ਸੇਵਾ ਵਜੋਂ ਹੁਕਮ ਨਾਮਾ ਬਖ਼ਸ਼ ਕੇ ਵਿਦਾ ਕੀਤਾ।

Making One Fight Against an Army

With the prolongation of seige of Anandpur, Aurangzeb became certain that it was not possible to capture Anandpur so long as the Sikhs were inside the fort. He adopted a policy of deceit. He wrote a letter to Guru Gobind Singh on the back of a Koran, meaning that the holy book was witness to his pledges, "Please leave Anandpur fort. The royal army shall not follow you. You can go anywhere you like in the country."


Believing what the letter said, the Guru left Anandpur. No sooner had he set foot out of the fort than the army pounced upon the Sikhs. Due to heavy rains the River Sirsa was in flood at that time. The sikhs were seperated from each other while crossing the river in the darkness of the night.

The Guru along with forty Sikhs and his two elder sons reached the clay-built fortress of Chamkaur the next evening. The villagers extended warm welcome to the Guru. The Guru fortified the fortress during the night. He posted the Sikhs on all sides and sat himself on the roof as the royal army was coming in pursuit. By day break the army arrived and surrounded the fortress. Army clad in black could be seen as far as the eyes could see. Their number was estimated to be in hundreds of thousands.

The generals knew that there were very few Sikhs inside the fortress. Early in the morning they ordered the army to mount an attack. From inside the fortress arrows rained with such ferocity as if there were thousands of Sikhs inside. The army had to retreat once. When the arrows had been exhausted a squad of Singhs came out opening the gate of the fortress, showed their valour with the sword and the spear and attained martyrdom.

Seeing the Sikhs showing their skills to their last breath, seventeen years old Prince Ajit Singh, the eldest son of the Guru, requested that he be allowed to show his valour in battle like his brethren. The Guru willingly acceded to his request and prepared him with his own hands to go to the battlefield. He was appointed commander of five Singhs and the gate of the fortress was opened for them to pass. When the soldiers saw the Prince, they pounced on him. In reply, the Singhs and the Prince offered a tough fight. The Guru was watching this whole scene from the roof of the fort. This squad sent hundreds out of the army of hundreds of thousands to their eternal sleep and attained martyrdom.

Seeing the elder brother attain martyrdom, there was a surge of enthusism in the heart of the second prince Jujhar Singh to go to the battlefield. He requested his father for permission. He was also prepared by the Guru and sent outside the fortress as the head of a squad of five Singhs to take on an army of hundreds of thousands. The Guru himself went on the roof of the fortress and saw with his own eyes how Prince Jujhar Singh fifteen years old attained martyrdom fighting against tyranny like his elder brother.



Making One Fight Against an Army

ਸਵਾ ਲਾਖ ਸੇ ਏਕ ਲੜਾਊਂ

ਸਵਾ ਲਾਖ ਸੇ ਏਕ ਲੜਾਊਂ

ਔਰੰਗਜ਼ੇਬ ਨੇ ਦੇਖ ਲਿਆ ਜਦੋਂ ਤਕ ਗੁਰੂ ਗੋਬਿੰਦ ਸਿੰਘ ਜੀ ਕਿਲੇ ਅੰਦਰ ਹਨ ਤਦੋਂ ਤਕ ਉਨ੍ਹਾਂ ਨੂੰ ਜਿੱਤਣਾ ਕਠਨ ਸੀ। ਉਸ ਨੇ ਯੁੱਧ ਦੇ ਧੋਖੇ ਵਾਲੀ ਨੀਤੀ ਅਪਣਾਈ। ਉਸ ਨੇ ਗੁਰੂ ਜੀ ਨੂੰ ਕੁਰਾਨ ਦੀ ਕਸਮ ਖਾ ਕੇ ਇਕ ਚਿੱਠੀ ਲਿਖੀ : ''ਜੇ ਤੁਸੀਂ ਅਨੰਦਪੁਰ ਦਾ ਕਿਲ੍ਹਾ ਛੱਡ ਦੇਵੋਂ ਤਾ ਸ਼ਾਹੀ ਫ਼ੌਜ ਆਪ ਦਾ ਪਿੱਛਾ ਨਹੀਂ ਕਰੇਗੀ। ਆਪ ਦੇਸ਼ ਵਿਚ ਜਿੱਥੇ ਜਾਣਾ ਚਾਹੋ ਜਾ ਸਕਦੇ ਹੋ।''

ਜ਼ਫ਼ਰ ਨਾਮੇ ਵਿਚ ਗੁਰੂ ਜੀ ਲਿਖਦੇ ਹਨ ''ਮੈਂ ਤੇਰੀਆਂ ਝੂਠੀਆਂ ਕਸਮਾਂ ਉੱਪਰ ਇਤਬਾਰ ਕਰਕੇ ਅਨੰਦਪੁਰ ਦਾ ਕਿਲ੍ਹਾ ਛੱਡ ਦਿੱਤਾ।'' ਅਨੰਦਪੁਰ ਦੇ ਕਿਲ੍ਹੇ ਤੋਂ ਪੈਰ ਬਾਹਰ ਰੱਖਣ ਦੀ ਦੇਰ ਸੀ ਕਿ ਸ਼ਾਹੀ ਫ਼ੌਜਾਂ ਨੇ ਸਿੱਖਾਂ ਉੱਪਰ ਧਾਵਾ ਬੋਲ ਦਿੱਤਾ। ਸਰਸਾ ਨਦੀ ਵਿਚ ਉਸ ਸਮੇਂ ਹੜ੍ਹ ਆਇਆ ਹੋਇਆ ਸੀ। ਸਿੱਖ ਨਦੀ ਪਾਰ ਕਰਦੇ, ਰਾਤ ਦੇ ਅੰਧੇਰੇ ਵਿਚ ਇਕ ਦੂਜੇ ਤੋਂ ਵਿਛੜ ਗਏ।

ਗੁਰੂ ਜੀ ਚਾਲੀ ਸਿੱਖ ਤੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ਵਿਚ ਸ਼ਾਮ ਨੂੰ ਪੁਜੇ। ਪਿੰਡ ਵਾਲਿਆਂ ਗੁਰੂ ਜੀ ਦੀ ਬਹੁਤ ਆਉ ਭਗਤ ਕੀਤੀ। ਸ਼ਾਹੀ ਫ਼ੌਜ ਗੁਰੂ ਜੀ ਦਾ ਪਿੱਛਾ ਕਰਦੀ ਆ ਰਹੀ ਸੀ ਇਸ ਲਈ ਗੁਰੂ ਜੀ ਨੇ ਉਸ ਗੜ੍ਹੀ ਨੂੰ ਰਾਤੋ ਰਾਤ ਇਕ ਕਿਲ੍ਹੇ ਦੀ ਸ਼ਕਲ ਵਿਚ ਬਦਲ ਲਿਆ, ਸਿੱਖਾਂ ਨੂੰ ਹਰ ਪਾਸੇ ਪਹਿਰੇ ਉੱਪਰ ਬੈਠਾ ਦਿੱਤਾ ਤੇ ਆਪ ਕੋਠੇ ਦੀ ਛੱਤ ਉੱਪਰ ਬੈਠ ਗਏ। ਦਿਨ ਚੜ੍ਹਦੇ ਤਕ ਫ਼ੌਜ ਨੇ ਗੜ੍ਹੀ ਨੂੰ ਆ ਕੇ ਘੇਰਾ ਪਾ ਲਿਆ। ਜਿੱਥੇ ਤਕ ਨਿਗਾਹ ਜਾਂਦੀ ਸੀ, ਕਾਲੇ ਕਪੜਿਆਂ ਵਾਲੀ ਫ਼ੌਜ ਹੀ ਨਜ਼ਰ ਪੈਂਦੀ ਸੀ। ਉਸ ਦੀ ਗਿਣਤੀ ਲੱਖਾਂ ਤੱਕ ਦੱਸੀ ਜਾਂਦੀ ਹੈ।

ਜਰਨੈਲਾਂ ਦਾ ਅਨੁਮਾਨ ਸੀ ਕਿ ਗੜ੍ਹੀ ਅੰਦਰ ਬਹੁਤ ਥੋੜੇ ਸਿੱਖ ਹਨ। ਉਨ੍ਹਾਂ ਸਵੇਰੇ ਸਵੇਰੇ ਗੜ੍ਹੀ ਉੱਪਰ ਹੱਲਾ ਬੋਲ ਦਿੱਤਾ। ਜਵਾਬ ਵਿਚ ਗੜ੍ਹੀ ਅੰਦਰੋਂ ਤੀਰਾਂ ਦੀ ਬੁਛਾੜ ਇਸ ਤਰ੍ਹਾਂ ਆਈ ਜਿਵੇਂ ਗੜ੍ਹੀ ਵਿਚ ਹਜ਼ਾਰਾਂ ਹੀ ਸਿੱਖ ਹੋਣ। ਫ਼ੌਜ ਨੂੰ ਇਕ ਵਾਰੀ ਪਿੱਛੇ ਹਟਣਾ ਪਿਆ। ਤੀਰ ਖਤਮ ਹੋਣ ਉੱਪਰ ਸਿੱਖਾਂ ਦਾ ਇਕ ਜੱਥਾ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲਦਾ, ਤਲਵਾਰ ਤੇ ਨੇਜ਼ੇ ਦੇ ਜੌਹਰ ਦਿਖਾਉਂਦਾ ਤੇ ਸ਼ਹੀਦੀਆਂ ਪ੍ਰਾਪਤ ਕਰ ਜਾਂਦਾ।

ਸਿੰਘਾਂ ਨੂੰ ਸ਼ਹੀਦੀਆਂ ਪ੍ਰਾਪਤ ਕਰਦੇ ਦੇਖ ਕੇ ਸਤਾਰਾਂ ਸਾਲਾਂ ਦੇ ਸਾਹਿਬਜ਼ਾਦੇ ਅਜੀਤ ਸਿੰਘ ਨੇ ਗੁਰੂ ਜੀ ਪਾਸ ਆ ਬੇਨਤੀ ਕੀਤੀ ਕਿ ਉਸ ਨੂੰ ਵੀ ਆਪਣੇ ਵੀਰਾਂ ਦੀ ਤਰ੍ਹਾਂ ਬਹਾਦਰੀ ਦੇ ਜੋਹਰ ਦਿਖਾਉਣ ਦਾ ਮੌਕਾ ਦਿੱਤਾ ਜਾਵੇ। ਉਸ ਦੀ ਬੇਨਤੀ ਪ੍ਰਵਾਨ ਕਰਕੇ ਗੁਰੂ ਜੀ ਨੇ ਉਸ ਨੂੰ ਆਪਣੇ ਹੱਥੀਂ ਰਣਭੂਮੀ ਵਿਚ ਜਾਣ ਲਈ ਤਿਆਰ ਕੀਤਾ। ਸਾਹਿਬਜ਼ਾਦੇ ਨੂੰ ਪੰਜ ਸਿੰਘਾਂ ਦਾ ਜੱਥੇਦਾਰ ਥਾਪ ਕੇ ਗੜ੍ਹੀ ਦਾ ਦਰਵਾਜਾ ਖੋਲ੍ਹ ਦਿੱਤਾ। ਫੌਜ ਦੇ ਸਿਪਾਹੀਆਂ ਜਦੋਂ ਸਾਹਿਬਜ਼ਾਦੇ ਨੂੰ ਦੇਖਿਆ ਤਾਂ ਉਸ ਉਪਰ ਟੁੱਟ ਪਏ। ਅਗੋਂ ਉਨ੍ਹਾਂ ਵੀ ਕਰਾਰੇ ਹੱਥ ਦਿਖਾਏ। ਇਹ ਸਾਰਾ ਨਜ਼ਾਰਾ ਗੁਰੂ ਜੀ ਗੜ੍ਹੀ ਉੱਪਰੋਂ ਦੇਖ ਰਹੇ ਸਨ। ਇਹ ਸਿੰਘਾਂ ਦਾ ਜੱਥਾ ਵੀ ਲੱਖਾਂ ਦੀ ਫ਼ੌਜ ਵਿਚੋਂ ਸੈਂਕੜਿਆਂ ਨੂੰ ਸਦਾ ਦੀ ਨੀਂਦ ਸੁਲਾ ਕੇ ਸ਼ਹੀਦੀਆਂ ਪਾ ਗਿਆ।

ਵੱਡੇ ਵੀਰ ਨੂੰ ਸ਼ਹੀਦ ਹੁੰਦਿਆਂ ਦੇਖ ਕੇ ਪੰਦਰਾਂ ਸਾਲਾਂ ਦੇ ਸਾਹਿਬਜ਼ਾਦੇ ਜੁਝਾਰ ਸਿੰਘ ਦਾ ਉਤਸ਼ਾਹ ਹੋਰ ਵਧ ਗਿਆ। ਉਸ ਨੇ ਪਿਤਾ ਜੀ ਪਾਸ ਆ ਯੁੱਧ ਵਿਚ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਉਸ ਨੂੰ ਵੀ ਯੁੱਧ ਲਈ ਤਿਆਰ ਕੀਤਾ ਤੇ ਪੰਜ ਸਿੰਘਾਂ ਦਾ ਜੱਥੇਦਾਰ ਥਾਪ ਕੇ ਗੜ੍ਹੀ ਦੇ ਕੋਠੇ ਉੱਪਰ ਚਲੇ ਗਏ। ਉਨ੍ਹਾਂ ਆਪਣੀ ਅਖੀਂ ਦੇਖਿਆ ਕਿਵੇਂ ਲੱਖਾਂ ਦਾ ਮੁਕਾਬਲਾ ਇਕ ਇਕ ਸਿੰਘ ਡੱਟ ਕੇ ਕਰ ਰਿਹਾ ਸੀ ਤੇ ਕਿਸੇ ਦਾ ਪੈਰ ਪਿੱਛੇ ਨਹੀਂ ਹਟ ਰਿਹਾ ਸੀ। ਉਨ੍ਹਾਂ ਇਹ ਵੀ ਦੇਖਿਆ ਕਿਵੇਂ ਜੱਥੇ ਦੇ ਸਾਰੇ ਸਿੰਘ ਜ਼ੁਲਮ ਦਾ ਟਾਕਰਾ ਕਰਦੇ ਸ਼ਹੀਦ ਹੋਏ।

The Mind Reader

The rajas of hill states and the governors had to face another defeat even at their third attack at Anandpur. Then they wrote an exaggerated letter to Aurangzeb saying, "The power of Guru Gobind Singh has increased so much that we are unable to defeat him and it is increasing day by day. It will be appropriate if something is done now. Any delay in action will pose a threat to Delhi regime as we have done our best."

On receiving the letter, Aurangzeb sent Said Khan to capture Anandpur. Said Khan had resolved, on starting that he would bring the Guru, dead or alive, to Delhi. He was Pir Budhu Shah's brother-in-law. Village Sidhaura where the widow of Pir Budhu Shah and sister of Said Khan lived with her children was situated on the way to Anandpur. While on the march, he stayed for a night at Sidhaura with his sister.

During their conversation at night, his sister advised him that it was not proper to attack holy men. They cannot be conquered. She said to him, "One should go to them to gain something and not to make them prisoners. The Guru's fight is against tyranny. He is not after any kingdom. I have sacrificed my two sons and husband for him. You are still unable to understand that the Guru is the knower of the minds."

Although his sister had advised and pleaded with him yet Said Khan did not stop. He attacked Anandpur in collaboration with the hill rajas. This was the fourth battle of Anandpur. When Said Khan saw Said Beg and Moman Khan fighting the royal army on the side of the Guru he thought, "If, as my sister said, the Guru can read one's mind, I shall be convinced only if he comes face to face with me." When Said Khan was thinking like this the Guru stood before him and said, "Said Khan, you have remembered me and so I have come before you. Be ready to strike as I give you the first chance to strike."

Seeing the Guru standing before him, Said Khan forgot to strike. The dreams of capturing the Guru alive or dead, which he had harboured at the time of marching from Delhi, were shattered. He placed his sword at the feet of the Guru and pleaded with him to be allowed to fight against the tyranny along with the army of the Singhs.

The Guru did not allow him to do this. Acting upon the teachings of the Guru, Said Khan gave up the command of the army and became a recluse. He spent the rest of his life in the service of humanity like a pious and God-fearing man.


The Mind Reader
ਘਟ ਘਟ ਕੇ ਅੰਤਰ ਕੀ ਜਾਨਤ

ਘਟ ਘਟ ਕੇ ਅੰਤਰ ਕੀ ਜਾਨਤ

ਪਹਾੜੀ ਰਾਜਿਆਂ ਤੇ ਸੂਬਿਆਂ ਨੂੰ ਜਦੋਂ ਤੀਜੇ ਹਮਲੇ ਉਪਰ ਵੀ ਗੁਰੂ ਜੀ ਤੋਂ ਮੂੰਹ ਦੀ ਖਾਣੀ ਪਈ ਤਾਂ ਉਨ੍ਹਾਂ ਨੇ ਰਲ ਕੇ ਬਹੁਤ ਵਧਾ ਘਟਾ ਕੇ ਔਰੰਗਜ਼ੇਬ ਨੂੰ ਚਿੱਠੀ ਲਿਖੀ ਤੇ ਦਸਿਆ, ''ਗੁਰੂ ਦੀ ਤਾਕਤ ਬਹੁਤ ਵਧ ਗਈ ਹੈ ਤੇ ਦਿਨੋਂ ਦਿਨ ਵੱਧਦੀ ਜਾਂਦੀ ਹੈ ਜਿਸ ਨੂੰ ਅਸੀਂ ਹਰਾ ਨਹੀਂ ਸਕੇ। ਇਸ ਦਾ ਇਲਾਜ ਹੁਣ ਹੀ ਕਰ ਲੈਣਾ ਚਾਹੀਦਾ ਹੈ। ਜੇ ਦੇਰ ਕੀਤੀ ਤਾਂ ਦਿੱਲੀ ਦਾ ਰਾਜ ਵੀ ਚਲਿਆ ਜਾਵੇਗਾ। ਅਸੀਂ ਆਪਣਾ ਪੂਰਾ ਜ਼ੋਰ ਲਗਾ ਬੈਠੇ ਹਾਂ।''

ਔਰੰਗਜ਼ੇਬ ਨੇ ਪੱਤਰ ਮਿਲਣ ਉਪਰ ਸਿਰਕੱਢ ਜਰਨੈਲ ਸੈਦ ਖ਼ਾਨ ਨੂੰ ਅਨੰਦਪੁਰ ਫਤਹ ਕਰਨ ਲਈ ਭੇਜਿਆ। ਉਸ ਨੇ ਦਿੱਲੀ ਤੋਂ ਚਲਣ ਲਗੇ ਪ੍ਰਣ ਕੀਤਾ ਕਿ ਉਹ ਗੁਰੂ ਨੂੰ ਜ਼ਿੰਦਾ ਜਾਂ ਮੁਰਦਾ ਦਿੱਲੀ ਲਿਆ ਕੇ ਹਾਜ਼ਰ ਕਰੇਗਾ। ਰਿਸ਼ਤੇਦਾਰੀ ਵਿਚ ਉਹ ਪੀਰ ਬੁੱਧੂ ਸ਼ਾਹ ਦਾ ਸਾਲਾ ਲਗਦਾ ਸੀ। ਉਸ ਦੀ ਵਿਧਵਾ ਭੈਣ ਬੱਚਿਆਂ ਸਮੇਤ ਸਢੌਰਾ ਪਿੰਡ ਰਹਿੰਦੀ ਸੀ। ਸਢੌਰਾ ਅਨੰਦਪੁਰ ਦੇ ਰਸਤੇ ਵਿਚ ਪੈਂਦਾ ਸੀ। ਉਸ ਨੇ ਜਾਂਦੇ ਜਾਂਦੇ ਰਾਤ ਆਪਣੀ ਭੈਣ ਪਾਸ ਸਢੌਰੇ ਕੱਟੀ।

ਰਾਤ ਨੂੰ ਗੱਲਾਂ ਕਰਦੇ ਕਰਦੇ ਉਸ ਦੀ ਭੈਣ ਨੇ ਉਸ ਨੂੰ ਬਹੁਤ ਸਮਝਾਇਆ, ''ਭਲੇ ਪੁਰਸ਼ਾਂ ਉੱਪਰ ਚੜ੍ਹਾਈ ਨਹੀਂ ਕਰੀਦੀ। ਉਨ੍ਹਾਂ ਨੂੰ ਜਿੱਤਿਆ ਨਹੀਂ ਜਾ ਸਕਦਾ। ਉਨ੍ਹਾਂ ਪਾਸੋਂ ਕੁਝ ਲੈਣ ਜਾਈਦਾ ਹੈ। ਉਨ੍ਹਾਂ ਨੂੰ ਬੰਦੀ ਨਹੀਂ ਬਣਾਉਣ ਜਾਈਦਾ। ਉਸ ਗੁਰੂ ਦੀ ਲੜਾਈ ਜ਼ੁਲਮ ਦੇ ਖ਼ਿਲਾਫ਼ ਹੈ। ਕਿਸੇ ਰਾਜ ਭਾਗ ਪਿਛੇ ਨਹੀਂ। ਮੈਂ ਆਪਣੇ ਦੋ ਪੁੱਤਰ ਤੇ ਪਤੀ ਉਨ੍ਹਾਂ ਉਪਰ ਵਾਰ ਦਿਤੇ ਹਨ। ਤੈਨੂੰ ਅਜੇ ਤੱਕ ਵੀ ਸਮਝ ਨਹੀਂ ਪੈਂਦੀ ਕਿ ਉਹ ਗੁਰੂ ਤਾਂ ਦਿਲਾਂ ਦੀਆਂ ਜਾਣਨ ਵਾਲਾ ਹੈ।''

ਸੈਦ ਖ਼ਾਨ ਫਿਰ ਵੀ ਨਾ ਰੁਕਿਆ ਭਾਵੇਂ ਉਸ ਦੀ ਭੈਣ ਨੇ ਉਸ ਨੂੰ ਬਹੁਤ ਸਮਝਾਇਆ ਸੀ। ਉਸ ਨੇ ਪਹਾੜੀ ਰਾਜਿਆਂ ਨੂੰ ਨਾਲ ਲੈ ਕੇ ਅਨੰਦਪੁਰ ਉਪਰ ਹਮਲਾ ਕਰ ਦਿਤਾ। ਇਹ ਅਨੰਦਪੁਰ ਉਪਰ ਪਹਾੜੀ ਰਾਜਿਆਂ ਦਾ ਚੌਥਾ ਹਮਲਾ ਸੀ। ਸੈਦ ਖ਼ਾਨ ਨੇ ਸੈਦ ਬੇਗ ਤੇ ਮੋਮਨ ਖਾਂ ਨੂੰ ਗੁਰੂ ਜੀ ਦੀ ਫ਼ੌਜ ਵਿਚ ਸ਼ਾਹੀ ਦਸਤਿਆਂ ਨਾਲ ਲੜਦੇ ਦੇਖਿਆ ਤਾਂ ਸੋਚਣ ਲਗਾ, ''ਜੇ ਇਹ ਸੱਚ ਹੈ ਕਿ ਗੁਰੂ ਮਨਾਂ ਦੀਆਂ ਬੁਝ ਲੈਂਦਾ ਹੈ ਜਿਵੇਂ ਭੈਣ ਕਹਿੰਦੀ ਸੀ ਤਾਂ ਗੁਰੂ ਮੇਰੇ ਸਾਹਮਣੇ ਆਵੇ ਤੇ ਮੈਂ ਜਾਣਾ।''

ਸੈਦ ਖ਼ਾਨ ਨੇ ਯਾਦ ਕੀਤਾ। ਗੁਰੂ ਜੀ ਉਸਦੇ ਸਾਹਮਣੇ ਆ ਖੜੇ ਹੋਏ ਤੇ ਕਹਿਣ ਲਗੇ, ''ਸੈਦ ਖ਼ਾਨ, ਤੂੰ ਯਾਦ ਕੀਤਾ ਸੀ। ਆਹ ਲੈ, ਮੈਂ ਤੇਰੇ ਸਾਹਮਣੇ ਆ ਗਿਆ ਹਾਂ। ਪਹਿਲ ਤੇਰੀ ਹੈ, ਵਾਰ ਕਰ, ਜਿਸਦੀ ਭਾਵਨਾ ਨਾਲ ਤੂੰ ਦਿੱਲੀ ਤੋਂ ਚਲ ਕੇ ਆਇਆ ਹੈਂ।''

ਗੁਰੂ ਜੀ ਨੂੰ ਸਾਹਮਣੇ ਖੜੇ ਦੇਖ, ਸੈਦ ਖ਼ਾਨ ਵਾਰ ਕਰਨਾ ਭੁੱਲ ਗਿਆ। ਦਿੱਲੀ ਤੋਂ ਚਲਣ ਲਗੇ ਜਿਹੜੇ ਸੁਪਨੇ ਉਸ ਨੇ ਗੁਰੂ ਜੀ ਨੂੰ ਜ਼ਿੰਦਾ ਜਾਂ ਮੁਰਦਾ ਦਿੱਲੀ ਲੈ ਕੇ ਆਉਣ ਦੇ ਦੇਖੇ ਸਨ, ਸਭ ਤਿਤਰ ਬਿਤਰ ਹੋ ਗਏ। ਉਸ ਨੇ ਆਪਣੀ ਤਲਵਾਰ ਗੁਰੂ ਜੀ ਦੇ ਚਰਨਾਂ ਉਪਰ ਰਖ ਦਿੱਤੀ ਤੇ ਸੀਸ ਨਿਵਾ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਸ ਨੂੰ ਵੀ ਜ਼ੁਲਮ ਦੇ ਖਿਲਾਫ਼ ਸਿੰਘਾਂ ਦੇ ਜੱਥੇ ਨਾਲ ਰਲ ਕੇ ਲੜਨ ਦੀ ਆਗਿਆ ਦਿੱਤੀ ਜਾਵੇ।

ਗੁਰੂ ਜੀ ਨੇ ਉਸ ਨੂੰ ਇਸ ਤਰ੍ਹਾਂ ਕਰਨ ਦੀ ਆਗਿਆ ਨਾ ਦਿੱਤੀ। ਸੈਦ ਖ਼ਾਨ ਨੇ ਗੁਰੂ ਦੇ ਕਹਿਣ ਉਪਰ ਜਰਨੈਲੀ ਤਿਆਗ ਕੇ ਫਕੀਰੀ ਧਾਰਨ ਕਰ ਲਈ। ਸਾਰੀ ਉਮਰ ਉਸ ਨੇ ਪ੍ਰਮਾਤਮਾ ਦੀ ਭਗਤੀ ਵਿਚ ਗੁਜ਼ਾਰ ਦਿੱਤੀ, ਜਿਥੇ ਤਕ ਹੋ ਸਕਿਆ ਗਰੀਬ ਦੀ ਮੱਦਦ ਕੀਤੀ। ਇਕ ਵਾਰੀ ਗੁਰੂ ਅੱਗੇ ਰਖੀ ਤਲਵਾਰ ਉਸ ਨੇ ਫਿਰ ਨਹੀਂ ਫੜੀ।

He Blesses the Humble

In 1701 AD the hill rajas attacked Anandpur taking petty landlords and the rich people with them. Their combined forces could not defeat the Singhs. The Singhs fought with skill from inside the fort. Not seeing victory in sight, the hill rajas beseiged Anandpur and waited. The hill chiefs blocked the supplies of food to the city of Anandpur. Even after a seige of two months the Singhs did not surrender.


One day Raja Kesari Chand chalked a plan with the other rajas "Iron plates and shields were to be tied to the forehead of an elephant and it was to be intoxicated by feeding hemp and wine. The gate of Lohgarh fort was then be broken with his help. Attack was to be mounted on the fort after breaking down the gates. The Guru was to be captured alive, if possible."

This scheme of Kesari Chand for breaking the gate was narrated to the Guru by an informer. The Guru said, "We too have an elephant in the fort, who can defeat Kesari Chand's elephant." Duni Chand was standing near the Guru at that time. He thought that the Guru's reference to the elephant of the fort might be towards him. He got frightened of facing the elephant. He thought it better to jump the wall of the fort and flee at night. In the darkness of the night, he fell while crossing the wall and broke his leg. With great difficulty, he reached his home at Amritsar.

When people at home came to know that he had deserted the Guru, they stopped talking to him. Ashamed as he was, he did not venture out of his house. Devoid of the blessings of the Guru, Duni Chand died of snake' bite inside his house. Afterwards, to wash out the blot of ignominy of their father, his two sons Bhai Anup Singh and Sarup Singh presented themselves before the Guru at Anandpur and started serving the Guru's institution, after partaking Amrit (baptising).

When the elephant, intoxicated by the hill rajas, neared the fort gate, the Guru blessed Bhai Bachittar Singh son of Bhai Mani Singh Martyr. He was given the serpentine spear and sent to face the elephant. With the blessings of the Guru, he got the gate of the fortress opened and with great alacrity, making the horse stand on its hind legs, struck the serpentine spear on the forehead of the elephant. The spear, piercing the iron plates on the forehead of the elephant stuck inside. The intoxication of hemp and wine of the elephant disappeared. Writhing in pain, it turned and ran. The elephant began to trample the forces of the hill rajas. There was a panic in the forces of Raja Kesari Chand. The Singhs got their opportunity to come out and fight with the enemy. While fighting, Bhai Udhay Singh had a chance and with one clean stroke of his sword severed the head of Kesari Chand. He presented it to the Guru. With the failure of second scheme of the hill rajas and loss of Raja Kesari Chand, the morale of the hill rajas was razed to the ground and in this way the seige of Anandpur was broken.

ਗੁਣ ਵੰਤਿਆ ਗੁਣ ਦੇ ॥



He Blesses the Humble

ਗੁਣ ਵੰਤਿਆ ਗੁਣੁ ਦੇ

1701 ਈ: ਵਿਚ ਪਹਾੜੀ ਰਾਜਿਆਂ ਨੇ ਗੁੱਜਰਾਂ ਤੇ ਰੰਘੜਾਂ ਨੂੰ ਨਾਲ ਲੈ ਕੇ ਅਨੰਦਪੁਰ ਉਪਰ ਹਮਲਾ ਕੀਤਾ। ਉਹ ਸਾਰੇ ਰਲਕੇ ਭੀ ਸਿੰਘਾਂ ਨੂੰ ਹਰਾ ਨਾ ਸਕੇ। ਸਿੰਘ ਕਿਲ੍ਹੇ ਵਿਚੋਂ ਬੜੀ ਹੁਸ਼ਿਆਰੀ ਨਾਲ ਲੜਦੇ ਰਹੇ। ਜਿੱਤ ਨਾ ਹੁੰਦੀ ਦੇਖ ਕੇ ਉਹ ਅਨੰਦਪੁਰ ਨੂੰ ਘੇਰਾ ਪਾ ਕੇ ਬੈਠ ਗਏ। ਪਹਾੜੀ ਰਾਜਿਆਂ ਬਾਹਰੋਂ ਅੰਨ ਪਾਣੀ ਅੰਦਰ ਜਾਣਾ ਬੰਦ ਕਰ ਦਿੱਤਾ। ਦੋ ਮਹੀਨੇ ਦੇ ਘੇਰੇ ਪਿਛੋਂ ਵੀ ਸਿੰਘਾਂ ਹਾਰ ਨਾ ਮੰਨੀ।

ਇਕ ਦਿਨ ਰਾਜਾ ਕੇਸਰੀ ਚੰਦ ਨੇ ਦੂਜਿਆਂ ਰਾਜਿਆਂ ਨਾਲ ਇਹ ਯੋਜਨਾ ਬਣਾਈ : ''ਇਕ ਹਾਥੀ ਦੇ ਮੱਥੇ ਉਪਰ ਲੋਹੇ ਦੇ ਤਵੇ ਤੇ ਢਾਲਾਂ ਬੰਨ੍ਹੀਆਂ ਜਾਣ ਤੇ ਹਾਥੀ ਨੂੰ ਸੁੱਖਾ ਖੁਆ ਕੇ ਤੇ ਸ਼ਰਾਬ ਪਿਲਾ ਕੇ ਮਸਤ ਕੀਤਾ ਜਾਵੇ। ਉਸਦੀ ਮੱਦਦ ਨਾਲ ਲੋਹ-ਗੜ੍ਹ ਦੇ ਦਰਵਾਜ਼ੇ ਨੂੰ ਤੋੜਿਆ ਜਾਵੇ। ਦਰਵਾਜ਼ਾ ਟੁੱਟ ਜਾਣ ਤੇ ਸਿੰਘਾਂ ਉੱਪਰ ਧਾਵਾ ਬੋਲ ਦਿੱਤਾ ਜਾਵੇ। ਹੋ ਸਕੇ ਤਾਂ ਗੁਰੂ ਨੂੰ ਜ਼ਿੰਦਾ ਪਕੜ ਲਿਆ ਜਾਵੇ ਜਾਂ ਫਿਰ ਮਾਰ ਦਿੱਤਾ ਜਾਵੇ।''

ਗੁਰੂ ਜੀ ਨੂੰ ਕੇਸਰੀ ਚੰਦ ਦੇ ਦਰਵਾਜ਼ਾ ਤੋੜਨ ਦੀ ਵਿਉਂਤ, ਉਨ੍ਹਾਂ ਦੇ ਸੂਹੀਏ ਨੇ ਆ ਦਿੱਤੀ। ਗੁਰੂ ਜੀ ਨੇ ਕਿਹਾ, ''ਸਾਡੇ ਪਾਸ ਗੜ੍ਹੀ ਅੰਦਰ ਵੀ ਇਕ ਹਾਥੀ ਹੈ ਜਿਹੜਾ ਕੇਸਰੀ ਚੰਦ ਦੇ ਹਾਥੀ ਦਾ ਮੂੰਹ ਭੁਆ ਸਕਦਾ ਹੈ।'' ਦੂਨੀ ਚੰਦ ਉਸ ਸਮੇਂ ਗੁਰੂ ਜੀ ਪਾਸ ਖੜਾ ਸੀ। ਉਸ ਨੂੰ ਲਗਿਆ ਜਿਵੇਂ ਗੁਰੂ ਜੀ ਦਾ ਇਸ਼ਾਰਾ ਗੜ੍ਹੀ ਵਾਲੇ ਹਾਥੀ ਦਾ ਉਸ ਵਲ ਹੋਵੇ। ਉਹ ਹਾਥੀ ਦਾ ਮੁਕਾਬਲਾ ਕਰਨ ਤੋਂ ਡਰ ਗਿਆ। ਉਸ ਨੇ ਰਾਤੋਂ ਰਾਤ ਗੜ੍ਹੀ ਦੀ ਕੰਧ ਟੱਪ ਕੇ ਭੱਜ ਜਾਣਾ ਠੀਕ ਸਮਝਿਆ। ਰਾਤ ਦੇ ਅੰਧੇਰੇ ਵਿਚ ਕਿਲ੍ਹੇ ਦੀ ਕੰਧ ਟੱਪਣ ਲਗਿਆਂ ਡਿਗ ਗਿਆ ਤੇ ਲੱਤ ਟੁੱਟ ਗਈ। ਬੜੀ ਮੁਸ਼ਕਲ ਨਾਲ ਉਹ ਆਪਣੇ ਘਰ ਅੰਮ੍ਰਿਤਸਰ ਪੁੱਜਾ।

ਦੂਨੀ ਚੰਦ ਦੇ ਘਰ ਦਿਆਂ ਨੂੰ ਜਦੋਂ ਪਤਾ ਲਗਿਆ ਕਿ ਉਹ ਗੁਰੂ ਤੋਂ ਬੇਮੁਖ ਹੋ ਕੇ ਆਇਆ ਹੈ ਤਾਂ ਉਨ੍ਹਾਂ ਸਾਰਿਆਂ ਉਸ ਨੂੰ ਬੁਲਾਉਣਾ ਬੰਦ ਕਰ ਦਿੱਤਾ। ਸ਼ਰਮ ਦੇ ਮਾਰੇ ਉਹ ਘਰੋਂ ਬਾਹਰ ਨਾ ਨਿਕਲਦਾ। ਗੁਰੂ ਦੀ ਬਖਸ਼ਿਸ਼ ਤੋਂ ਸੱਖਣਾ ਨਿਗੁਣਾ ਦੂਨੀ ਚੰਦ ਘਰ ਦੇ ਅੰਦਰ ਸੱਪ ਦੇ ਲੜਨ ਨਾਲ ਮਰ ਗਿਆ। ਉਸ ਪਿਛੋਂ ਉਸ ਦੇ ਦੋ ਪੁਤਰ ਅਨੂਪ ਸਿੰਘ ਤੇ ਸਰੂਪ ਸਿੰਘ ਆਪਣੇ ਪਿਤਾ ਦੀ ਬਦਨਾਮੀ ਦੀ ਕਾਲਖ ਧੋਣ ਲਈ ਗੁਰੂ ਜੀ ਪਾਸ ਅਨੰਦਪੁਰ ਹਾਜ਼ਰ ਹੋਏ ਤੇ ਅੰਮ੍ਰਿਤ ਛਕ ਕੇ ਗੁਰੂ ਘਰ ਦੀ ਸੇਵਾ ਵਿਚ ਲੱਗ ਗਏ।

ਬੇਮੁਖ ਹੋ ਕੇ ਦੂਨੀ ਚੰਦ ਦੇ ਭਜ ਜਾਣ ਤੋਂ ਦੂਜੇ ਦਿਨ ਪਹਾੜੀ ਰਾਜਿਆਂ ਦਾ ਮਸਤ ਕੀਤਾ ਹਾਥੀ ਗੜ੍ਹੀ ਦੇ ਦਰਵਾਜ਼ੇ ਨੇੜੇ ਪੁੱਜਾ ਤਾਂ ਗੁਰੂ ਜੀ ਨੇ ਬਚਿਤ੍ਰ ਸਿੰਘ ਰਾਠੌਰ ਪੁਤਰ ਭਾਈ ਮਨੀ ਸਿੰਘ ਸ਼ਹੀਦ ਨੂੰ ਥਾਪਨਾ ਦਿੱਤੀ। ਉਸ ਨੂੰ ਨਾਗਣੀ ਦੇ ਕੇ ਹਾਥੀ ਦੇ ਮੁਕਾਬਲੇ ਲਈ ਭੇਜ ਦਿੱਤਾ। ਗੁਰੂ ਦੀ ਬਖਸ਼ਿਸ਼ ਸਦਕਾ, ਉਹਨੇ ਗੜ੍ਹੀ ਦਾ ਦਰਵਾਜ਼ਾ ਖੁਲ੍ਹਵਾ ਕੇ ਬੜੀ ਤੇਜ਼ੀ ਨਾਲ ਘੋੜੇ ਨੂੰ ਪਿਛਲੇ ਦੋ ਪੈਰਾਂ ਤੇ ਖੜ੍ਹੇ ਕਰਕੇ ਨਾਗਣੀ ਹਾਥੀ ਦੇ ਮੱਥੇ ਵਿਚ ਮਾਰੀ। ਨਾਗਣੀ ਹਾਥੀ ਦੇ ਸਿਰ ਉਪਰ ਬੰਨ੍ਹੇ ਹੋਇਆਂ ਤਵਿਆਂ ਨੂੰ ਚੀਰਦੀ ਉਸਦੇ ਮੱਥੇ ਵਿਚ ਜਾ ਧੱਸੀ। ਹਾਥੀ ਦਾ ਸ਼ਰਾਬ ਤੇ ਸੁੱਖੇ ਦਾ ਨਸ਼ਾ ਸਭ ਉੱਤਰ ਗਿਆ। ਉਹ ਦੁੱਖ ਤੇ ਤਕਲੀਫ ਨਾਲ ਤੜਫਦਾ ਹੋਇਆ ਪਿੱਛੇ ਨੂੰ ਭੱਜ ਤੁਰਿਆ।

ਹਾਥੀ ਪਹਾੜੀ ਰਾਜਿਆਂ ਦੀ ਫ਼ੌਜ ਨੂੰ ਲਤਾੜਨ ਲਗਾ। ਕੇਸਰੀ ਚੰਦ ਦੀ ਫ਼ੌਜ ਵਿਚ ਭਾਜੜ ਪੈ ਗਈ। ਖਾਲਸੇ ਨੂੰ ਫ਼ੌਜ ਨਾਲ ਦੋ ਹੱਥ ਕਰਨ ਦਾ ਮੌਕਾ ਮਿਲ ਗਿਆ। ਭਾਈ ਉਧੈ ਸਿੰਘ ਨੇ ਲਗਦੇ ਹੱਥ ਲੜਦਿਆਂ ਲੜਦਿਆਂ ਇਕ ਵਾਰ ਵਿਚ ਰਾਜਾ ਕੇਸਰੀ ਚੰਦ ਦਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਗੁਰੂ ਜੀ ਪਾਸ ਜਾ ਸਿਰ ਹਾਜ਼ਰ ਕੀਤਾ। ਪਹਾੜੀ ਰਾਜੇ ਆਪਣੀ ਦੂਜੀ ਸਕੀਮ ਦੇ ਫੇਲ੍ਹ ਹੋਣ ਦੇ ਨਾਲ ਨਾਲ ਕੇਸਰੀ ਚੰਦ ਨੂੰ ਵੀ ਮਰਵਾ ਬੈਠੇ। ਤੰਗ ਆ ਕੇ ਉੱਠ ਕੇ ਚਲੇ ਗਏ।

Tender Hearted Said Beg


Said Beg and Alif Khan were two generals in the army of Aurangzeb. They were going, with their armies, from Delhi to Lahore. Their informer came and told them, "Guru Gobind Singh is on his way from Kurukshetra to Anandpur. He has, with him, only a squad of hundred Singhs at this time. This is a good opportunity to capture him. We should take full advantage of this."

The generals had five thousand men each. They also felt that the Guru could be captured alive. Without thinking and deliberating further, they began to pursue the Guru. They were confident that they had ten thousand fully trained soldiers. One hundred Singhs who had just taken up arms and started riding horses were no match for them.

Singhs at Anandpur came to know that an army of Aurangzeb was pursuing the Guru. They hurriedly managed a squad of further four hundred Singhs who joined the Guru on the way. The royal army attacked the Singhs near Chamkaur. The generals were wonder struck on seeing the valour and the method of warfare of the Singhs, who had repulsed their forces.

The generals had heard about the valour of the Singhs but that day they witnessed everything with their own eyes, how five hundred Singhs were holding an army of ten thousand at bay. Singhs were fighting with such skill and bravery that Said Beg could not stop himself from watching them. He forgot that he himself was in the battlefield to fight. His heart melted. He could not bear the cruelty being meted out to the Singhs. He entrusted the command of his army to Alif Khan and himself joined the Guru. Alif Khan was wounded while fighting. Without a commander, the soldiers thought it better to run and save their lives. The Singhs won the battle. Said Beg came to Anandpur and started living with the Guru.

At Anandpur the people were taught, "We are all children of the same Father who is the One Supreme Being." The rich and the poor were treated with the same respect. No one thought of encroaching on other's rights. Hindus and Muslims were treated alike and respectfully. It can be said that in those days Anandpur was a heaven on earth. By coming in the presence of Guru Gobind Singh even the hearts of stone become tender and pure in mind. Said Beg also started participating in battles against tyranny. He attained matryrdom while fighting against the royal army in the fourth battle of Anandpur.


ਮੋਮ ਦਿਲ ਸੈਦ ਬੇਗ
Tender Hearted Said Beg

ਮੋਮਦਿਲ ਸੈਦ ਬੇਗ

ਸੈਦ ਬੇਗ ਤੇ ਅਲਫ਼ ਖਾਂ ਔਰੰਗਜ਼ੇਬ ਦੇ ਜਰਨੈਲਾਂ ਵਿਚੋਂ ਮੰਨੇ ਹੋਏ ਜਰਨੈਲ ਇਕ ਵਾਰੀ ਫ਼ੌਜਾਂ ਸਮੇਤ ਦਿੱਲੀ ਤੋਂ ਲਾਹੌਰ ਜਾ ਰਹੇ ਸਨ। ਉਨ੍ਹਾਂ ਦੇ ਸੂਹੀਏ ਨੇ ਉਨ੍ਹਾਂ ਨੂੰ ਆ ਕੇ ਦਸਿਆ, "ਗੁਰੂ ਗੋਬਿੰਦ ਸਿੰਘ ਕੁਰਕਸ਼ੇਤਰ ਤੋਂ ਅਨੰਦਪੁਰ ਜਾ ਰਿਹਾ ਹੈ। ਉਸ ਨਾਲ ਇਸ ਸਮੇਂ ਸਿਰਫ ਇਕ ਸੌ ਸਿੱਖਾਂ ਦਾ ਜੱਥਾ ਹੈ। ਉਨ੍ਹਾਂ ਨੂੰ ਕਾਬੂ ਕਰਨ ਦਾ ਇਹ ਬੜਾ ਸੋਹਣਾ ਮੌਕਾ ਹੈ। ਇਸ ਦਾ ਸਾਨੂੰ ਪੂਰਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ।"

ਜਰਨੈਲਾਂ ਨਾਲ ਪੰਜ ਪੰਜ ਹਜ਼ਾਰ ਜਵਾਨ ਸਨ। ਉਨ੍ਹਾਂ ਨੂੰ ਭੀ ਲਗਿਆ ਕਿ ਗੁਰੂ ਗੋਬਿੰਦ ਸਿੰਘ ਨੂੰ ਜ਼ਿੰਦਾ ਫੜਿਆ ਜਾ ਸਕਦਾ ਸੀ। ਉਨ੍ਹਾਂ ਹੋਰ ਕੁਝ ਸੋਚਣ ਤੇ ਵਿਚਾਰਨ ਤੋਂ ਬਿਨਾਂ ਹੀ ਗੁਰੂ ਜੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਮਾਣ ਸੀ ਕਿ ਉਨ੍ਹਾਂ ਪਾਸ ਦਸ ਹਜ਼ਾਰ ਜਵਾਨ ਸਨ ਜਿਹੜੇ ਯੁੱਧਾਂ ਦੇ ਢੰਗਾਂ ਤੋਂ ਪੂਰੀ ਤਰ੍ਹਾਂ ਜਾਣੂ ਸਨ ਤੇ ਜਿਨ੍ਹਾਂ ਦਾ ਕਿੱਤਾ ਹੀ ਯੁੱਧਾਂ ਵਿਚ ਭਾਗ ਲੈਣਾ ਸੀ। ਉਨ੍ਹਾਂ ਅੱਗੇ ਸੌ ਸਿੰਘ ਕੁਝ ਵੀ ਨਹੀਂ ਜਿਨ੍ਹਾਂ ਨੇ ਤਾਜ਼ੇ ਤਾਜ਼ੇ ਅਜੇ ਸ਼ਸਤਰ ਹੱਥਾਂ ਵਿਚ ਫੜੇ ਸਨ ਤੇ ਘੋੜ ਸਵਾਰੀ ਸ਼ੁਰੂ ਕੀਤੀ ਸੀ।

ਅਨੰਦਪੁਰ ਸਿੰਘਾਂ ਨੂੰ ਖ਼ਬਰ ਪੁੱਜ ਗਈ ਕਿ ਔਰੰਗਜ਼ੇਬ ਦੇ ਜਰਨੈਲ ਗੁਰੂ ਦਾ ਪਿੱਛਾ ਕਰ ਰਹੇ ਸਨ। ਉਨ੍ਹਾਂ ਲਗਦੇ ਹੱਥ ਚਾਰ ਸੌ ਸਿੰਘਾਂ ਦਾ ਜੱਥਾ ਤਿਆਰ ਕੀਤਾ ਤੇ ਰਸਤੇ ਵਿਚ ਗੁਰੂ ਦੇ ਜੱਥੇ ਨੂੰ ਜਾ ਮਿਲੇ। ਚਮਕੌਰ ਦੇ ਨੇੜੇ ਸ਼ਾਹੀ ਫੌਜ ਨੇ ਸਿੰਘਾਂ ਉੱਪਰ ਹਮਲਾ ਕਰ ਦਿੱਤਾ। ਸਿੰਘਾਂ ਦੀ ਦਲੇਰੀ ਤੇ ਲੜਾਈ ਦੇ ਢੰਗਾਂ ਨੇ ਜਰਨੈਲਾਂ ਨੂੰ ਹੈਰਾਨ ਕਰ ਦਿੱਤਾ ਤੇ ਉਨ੍ਹਾਂ ਦੀਆਂ ਫ਼ੌਜਾਂ ਦੇ ਮੂੰਹ ਮੋੜ ਦਿਤੇ।

ਜਰਨੈਲਾਂ ਨੇ ਪਹਿਲਾਂ ਸਿੰਘਾਂ ਦੀ ਬਹਾਦਰੀ ਬਾਰੇ ਸੁਣਿਆ ਹੋਇਆ ਸੀ ਪਰ ਉਨ੍ਹਾਂ ਅੱਜ ਸਭ ਕੁਝ ਆਪਣੇ ਅੱਖੀਂ ਦੇਖ ਲਿਆ ਕਿ ਕਿਵੇਂ ਪੰਜ ਸੌ ਸਿੰਘ ਦਸ ਹਜ਼ਾਰ ਦਾ ਡੱਟ ਕੇ ਮੁਕਾਬਲਾ ਕਰ ਰਹੇ ਸਨ। ਸੈਦ ਬੇਗ ਇਸ ਤਰ੍ਹਾਂ ਸਿੰਘਾਂ ਦਾ ਲੜਨਾ ਦੇਖ ਕੇ ਆਪਣਾ ਲੜਨਾ ਭੁਲ ਗਿਆ। ਉਸ ਦਾ ਦਿਲ ਮੋਮ ਵਰਗਾ ਨਰਮ ਹੋ ਗਿਆ। ਸਿੰਘਾਂ ਉਪਰ ਹੁੰਦਾ ਜ਼ੁਲਮ ਦੇਖ ਕੇ ਉਹ ਸਹਾਰ ਨਾ ਸਕਿਆ। ਉਸ ਨੇ ਆਪਣੀ ਫ਼ੌਜ ਦੀ ਅਗਵਾਈ ਅਲਫ਼ ਖਾਂ ਨੂੰ ਸੰਭਾਲ ਦਿੱਤੀ ਤੇ ਆਪ ਗੁਰੂ ਜੀ ਦੇ ਜੱਥੇ ਨਾਲ ਆ ਮਿਲਿਆ। ਅਲਫ਼ ਖਾਂ ਬਹਾਦਰਾਂ ਦੀ ਤਰ੍ਹਾਂ ਲੜਦਾ ਲੜਦਾ ਜ਼ਖ਼ਮੀ ਹੋ ਗਿਆ। ਆਗੂ ਤੋਂ ਬਿਨਾਂ ਫ਼ੌਜ ਦੇ ਸਿਪਾਹੀਆਂ ਆਪਣੀਆਂ ਜਾਨਾਂ ਬਚਾ ਕੇ ਭੱਜ ਜਾਣਾ ਠੀਕ ਸਮਝਿਆ। ਸਿੰਘਾਂ ਦੀ ਜਿੱਤ ਹੋ ਗਈ। ਸੈਦ ਬੇਗ ਗੁਰੂ ਜੀ ਨਾਲ ਆ ਕੇ ਅਨੰਦਪੁਰ ਰਹਿਣ ਲਗਾ।

ਸੈਦ ਬੇਗ ਨੇ ਅਨੰਦਪੁਰ ਵਿਚ ਦੇਖਿਆ ਕਿ ਕਿਵੇਂ, "ਏਕੁ ਪਿਤਾ, ਏਕਸ ਕੇ ਹਮ ਬਾਰਿਕ" ਦਾ ਮਨੁੱਖਤਾ ਨੂੰ ਸੰਦੇਸ਼ ਦਿੱਤਾ ਜਾਂਦਾ ਸੀ। ਅਮੀਰ ਗਰੀਬ ਸਭ ਦਾ ਇਕਸਾਰ ਸਨਮਾਨ ਹੁੰਦਾ ਸੀ। ਕਿਸੇ ਨੂੰ ਦੂਜੇ ਦਾ ਹੱਕ ਖੋਹਣ ਦੀ ਸੁੱਝਦੀ ਨਹੀਂ ਸੀ। ਕੀ ਹਿੰਦੂ, ਕੀ ਮੁਸਲਮਾਨ ਸਾਰਿਆਂ ਦਾ ਸਤਿਕਾਰ ਕੀਤਾ ਜਾਂਦਾ ਸੀ। ਲਗਦਾ ਸੀ ਜਿਵੇਂ ਅਨੰਦਪੁਰ ਉਨ੍ਹਾਂ ਸਮਿਆਂ ਵਿਚ ਇਸ ਧਰਤੀ ਉਪਰ ਪਰਤੱਖ ਸਵਰਗ ਹੋਵੇ। ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਕੇ ਕਠੋਰ ਤੇ ਪੱਥਰ ਦਿਲਾਂ ਵਿਚ ਵੀ ਆਮ ਜਨਤਾ ਦਾ ਪਿਆਰ ਜਾਗ ਪੈਂਦਾ ਸੀ। ਸੈਦ ਬੇਗ ਨੇ ਜ਼ੁਲਮ ਦੇ ਖ਼ਿਲਾਫ਼ ਯੁੱਧਾਂ ਵਿਚ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ। ਅਨੰਦਪੁਰ ਦੀ ਚੌਥੀ ਜੰਗ ਵਿਚ ਮੁਕਾਬਲਾ ਕਰਦੇ ਸ਼ਹੀਦੀ ਪ੍ਰਾਪਤ ਕੀਤੀ।

The Real and the Fake

Guru Gobind Singh along with his Singhs went hunting daily in the evening. They hunted tigers and leopards. In this way the fallacy of the general public that hunting was only for kings to pass time was eroded. The hunting encouraged the Singhs to face the dangers. One day the Guru had a tiger skinned and brought the skin with him. The Guru ordered that this skin be put on a donkey. The Sikhs put the skin on a donkey who was grazing nearby.

The villagers saw the donkey in the early morning. They thought that a tiger was prowling near the village. They alerted the neighbours about the tiger by going from house to house. All the people of the village were terrified. No one dared to go towards the side the tiger was sighted. That donkey roamed around the village, grazing, for two or three days. Nobody noticed that it could not be a tiger as it ate grass. Seeing its skin from a distance they concluded that it was a tiger.

A potter was passing that way with his donkeys. His donkeys began to bray. The donkey with the tiger's skin also joined his brethren in the chorus. The potter went and removing the tiger's skin from the donkey, threw it away. He was very pleased to find his missing donkey. He drove it away along with other donkeys. By braying, the secret of the donkey was out.

When the people of the village came to know that the tiger skin had been put on the donkey by the Guru, they got together and went to the Guru. They requested him to enlighten them why he had harassed the villagers for three days? What was the secret behind it?

The Guru explained that this drama had been enacted to make Singhs understand. A Sikh does not become a Singh by adopting outer symbols. A Singh should have the spirit of Sikhism within him. By donning a tiger's skin a donkey could not become a tiger. The donkey could terrify the simple villagers only for three days. When it's secret was out, it became a donkey again.

In this way a Sikh does not become a Singh by keeping long hair and beard and a sword. Without good deeds he may come to be called an imposter. A Singh should have Sikhism within himself. In reality, a Sikh can be tested by his deeds. This kind of living can only be attained by following the teachings of the Guru.


ਅਸਲੀ ਤੇ ਨਕਲੀ
The Real and the Fake

ਅਸਲੀ ਤੇ ਨਕਲੀ

ਸਾਧਾਰਨ ਲੋਕਾਂ ਦੇ ਮਨਾਂ ਵਿਚੋਂ ਇਹ ਭਰਮ ਕੱਢਣ ਲਈ ਕਿ ਸ਼ਿਕਾਰ ਕਰਨਾ ਸਿਰਫ ਰਾਜਿਆਂ ਮਹਾਰਾਜਿਆਂ ਲਈ ਹੀ ਬਣਿਆ ਹੈ, ਗੁਰੂ ਗੋਬਿੰਦ ਸਿੰਘ ਹਰ ਰੋਜ਼ ਸ਼ਾਮ ਨੂੰ ਸਿੰਘਾਂ ਨੂੰ ਨਾ ਲੈ ਕੇ ਸ਼ਿਕਾਰ ਖੇਡਣ ਜਾਂਦੇ। ਸ਼ੇਰਾਂ ਤੇ ਚੀਤਿਆਂ ਦਾ ਸ਼ਿਕਾਰ ਕਰਦੇ। ਇਸ ਤਰ੍ਹਾਂ ਸ਼ਿਕਾਰ ਉਪਰ ਜਾਣ ਨਾਲ ਸਿੰਘਾਂ ਦੇ ਹੌਸਲੇ ਵਧ ਗਏ। ਉਨ੍ਹਾਂ ਸ਼ੇਰਾਂ ਅੱਗੇ ਡੱਟਣਾ ਸ਼ੁਰੂ ਕਰ ਦਿੱਤਾ ਜਿਹੜੇ ਪਹਿਲਾਂ ਗਿੱਦੜਾਂ ਦੀ ਆਵਾਜ਼ ਤੋਂ ਡਰ ਜਾਂਦੇ ਸਨ। ਇਕ ਦਿਨ ਗੁਰੂ ਜੀ ਇਕ ਸ਼ੇਰ ਦੀ ਖੱਲ ਲੁਹਾ ਕੇ ਨਾਲ ਲੈ ਆਏ। ਉਨ੍ਹਾਂ ਦੇ ਹੁਕਮ ਨਾਲ ਉਸ ਖੱਲ ਨੂੰ ਇਕ ਗਧੇ ਉਪਰ ਪਾ ਦਿਤਾ ਗਿਆ।

ਸਵੇਰੇ ਸਵੇਰੇ ਪਿੰਡ ਦੇ ਲੋਕਾਂ ਨੇ ਉਸ ਗਧੇ ਨੂੰ ਦੇਖਿਆ। ਉਸ ਗਧੇ ਉਪਰ ਸ਼ੇਰ ਦੀ ਖੱਲ ਹੋਣ ਕਾਰਨ, ਉਨ੍ਹਾਂ ਨੂੰ ਲਗਿਆ ਜਿਵੇਂ ਪਿੰਡ ਦੇ ਨੇੜੇ ਸ਼ੇਰ ਫਿਰ ਰਿਹਾ ਹੋਵੇ। ਘਰੋ ਘਰੀ ਜਾ ਕੇ ਉਨ੍ਹਾਂ ਇਕ ਦੂਜੇ ਨੂੰ ਉਸ ਸ਼ੇਰ ਦੇ ਬਾਰੇ ਚੌਕੰਨਾ ਕਰ ਦਿੱਤਾ। ਸਾਰੇ ਪਿੰਡ ਦੇ ਲੋਕੀ ਸ਼ੇਰ ਦੇ ਡਰ ਨਾਲ ਸਹਿਮ ਗਏ। ਕੋਈ ਵੀ ਉਸ ਪਾਸੇ ਜਾਣ ਦੀ ਹਿੰਮਤ ਨਾ ਕਰਦਾ। ਦੋ ਤਿੰਨ ਦਿਨ ਉਹ ਗਧਾ ਘਾਹ ਚਰਦਾ ਪਿੰਡ ਦੇ ਆਸੇ ਪਾਸੇ ਫਿਰਦਾ ਰਿਹਾ। ਕਿਸੇ ਨੇ ਧਿਆਨ ਹੀ ਨਾ ਦਿੱਤਾ ਕਿ ਉਹ ਸ਼ੇਰ ਨਹੀਂ ਹੋ ਸਕਦਾ ਜਿਹੜਾ ਘਾਹ ਚਰਦਾ ਹੋਵੇ। ਦੂਰ ਤੋਂ ਹੀ ਉਸ ਦੀ ਖੱਲ ਦੇਖ ਕੇ ਅਨੁਮਾਨ ਲਗਾ ਲੈਂਦੇ ਕਿ ਉਹ ਸ਼ੇਰ ਸੀ।

ਇਕ ਦਿਨ ਉਸ ਪਾਸੇ ਦੀ ਇਕ ਘੁਮਿਆਰ, ਆਪਣੇ ਗਧੇ ਲੈ ਕੇ ਜਾ ਰਿਹਾ ਸੀ। ਉਸ ਦੇ ਗਧਿਆਂ ਹੀਂਗਣਾ ਸ਼ੁਰੂ ਕਰ ਦਿਤਾ। ਸ਼ੇਰ ਦੀ ਖੱਲ ਵਾਲੇ ਗਧੇ ਤੋਂ ਵੀ ਆਪਣੇ ਭਰਾਵਾਂ ਦੀ ਆਵਾਜ਼ ਦਾ ਜਵਾਬ ਦਿਤੇ ਬਿਨਾਂ ਨਾ ਰਿਹਾ ਗਿਆ, ਉਸ ਨੇ ਵੀ ਉਨ੍ਹਾਂ ਦੀ ਸੁਰ ਦੇ ਨਾਲ ਆਪਣੀ ਸੁਰ ਮਿਲਾ ਦਿੱਤੀ। ਜਦੋਂ ਘੁਮਿਆਰ ਨੇ ਉਸ ਨੂੰ ਹੀਂਗਦੇ ਸੁਣਿਆ ਤਾਂ ਉਸ ਉਪਰੋਂ ਸ਼ੇਰ ਦੀ ਖੱਲ ਉਤਾਰ ਕੇ ਇਕ ਪਾਸੇ ਸੁੱਟੀ। ਆਪਣਾ ਗੁੰਮ ਹੋਇਆ ਗਧਾ ਮਿਲਣ ਉਪਰ ਬਹੁਤ ਖੁਸ਼ ਹੋਇਆ। ਉਸ ਨੇ ਗਧੇ ਦੇ ਦੋ ਡੰਡੇ ਮਾਰ ਕੇ ਦੂਜਿਆਂ ਗਧਿਆਂ ਨਾਲ ਮਿਲਾ ਲਿਆ। ਗਧੇ ਦੇ ਹੀਂਗਣ ਨਾਲ ਉਸ ਗਧੇ ਦਾ ਪੋਲ ਖੁਲ੍ਹ ਗਿਆ।

ਉਸ ਪਿੰਡ ਦੇ ਲੋਕਾਂ ਨੂੰ ਜਦੋਂ ਪਤਾ ਚਲਿਆ ਕਿ ਇਹ ਸ਼ੇਰ ਦੀ ਖੱਲ ਗਧੇ ਉਪਰ ਗੁਰੂ ਗੋਬਿੰਦ ਸਿੰਘ ਨੇ ਪਵਾਈ ਸੀ। ਉਹ ਸਾਰੇ ਇਕੱਠੇ ਹੋ ਕੇ ਗੁਰੂ ਜੀ ਪਾਸ ਪੁੱਜ ਗਏ। ਉਨ੍ਹਾਂ ਬੇਨਤੀ ਕੀਤੀ, "ਗੁਰੂ ਜੀ, ਆਪ ਨੇ ਤਿੰਨ ਦਿਨ ਪਿੰਡ ਦੇ ਲੋਕਾਂ ਨੂੰ ਇਕ ਗਧੇ ਤੋਂ ਕਿਉਂ ਡਰਾਇਆ, ਇਸ ਵਿਚ ਕਿਹੜਾ ਭੇਦ ਸੀ? ਉਹ ਸਾਨੂੰ ਸਾਰਿਆਂ ਨੂੰ ਸਮਝਾਇਆ ਜਾਵੇ।"

ਗੁਰੂ ਜੀ ਨੇ ਅਗੋਂ ਫੁਰਮਾਇਆ, "ਇਹ ਚਰਿਤਰ ਸਿੰਘਾਂ ਨੂੰ ਸਮਝਾਉਣ ਲਈ ਰਚਿਆ ਗਿਆ ਸੀ। ਇਕ ਸਿੱਖ ਬਾਹਰ ਦੇ ਦਿਖਾਵੇ ਦੇ ਚਿੰਨ੍ਹਾਂ ਨਾਲ ਸਿੰਘ ਨਹੀਂ ਬਣ ਜਾਂਦਾ। ਸਿੰਘ ਦੇ ਅੰਦਰ ਵੀ ਸਿੱਖੀ ਹੋਣੀ ਚਾਹੀਦੀ ਹੈ। ਸ਼ੇਰ ਦੀ ਖੱਲ ਪਾ ਕੇ ਗਧਾ ਸ਼ੇਰ ਨਹੀਂ ਬਣ ਸਕਿਆ। ਤਿੰਨ ਦਿਨ ਉਹ ਗਧਾ ਪਿੰਡ ਦੇ ਭੋਲੇ ਭਾਲੇ ਲੋਕਾਂ ਨੂੰ ਜ਼ਰੂਰ ਡਰਾ ਸਕਿਆ। ਜਦੋਂ ਉਸ ਦਾ ਪਾਜ ਖੁਲ੍ਹ ਗਿਆ ਤਾਂ ਫਿਰ ਉਹ ਇਕ ਗਧਾ ਬਣ ਕੇ ਰਹਿ ਗਿਆ।"

ਸਿੱਖ ਇਸ ਤਰ੍ਹਾਂ ਕੇਸ, ਦਾਹੜੀ ਰੱਖ ਕੇ, ਕ੍ਰਿਪਾਨ ਪਾ ਕੇ ਸਿੰਘ ਨਹੀਂ ਬਣ ਜਾਂਦਾ। ਕਰਮਾਂ ਤੋਂ ਵਾਂਝਾ ਨਕਲੀ ਸਿੰਘ ਭਾਵੇਂ ਸਦਵਾ ਸਕਦਾ ਹੈ। ਸਿੱਖ ਦੇ ਅੰਦਰ ਵੀ ਸਿੱਖੀ ਦਾ ਹੋਣਾ ਜ਼ਰੂਰੀ ਹੈ। ਸਿੱਖ ਅਸਲ ਵਿਚ ਕਰਮਾਂ ਤੋਂ ਹੀ ਪਰਖਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਰਹਿਣੀ ਗੁਰੂ ਦੀ ਸਿੱਖਿਆ ਉਪਰ ਚੱਲ ਕੇ ਹੀ ਪ੍ਰਾਪਤ ਹੁੰਦੀ ਹੈ।

sent a Singh before hand, who had been entrusted with the duty of guarding the abode of the prostitute. Joga Singh saw that a Singh was standing at the door. On seeing him he turned back, thinking that he would enter when the Singh had departed.

After some time when he returned he still saw the Singh standing at the door. Seeing him he turned away again. In this way Joga Singh continued to come again and again throughout the night but left every time on seeing the Singh standing there. He spent the whole night going to and fro.

At the break of the dawn, when Joga Singh came, the Singh said to him, "Joga Singh, now it is time to meditate. Go and sing His praises." That brought Joga Singh to his senses. He began to repent upon the sin he had been harbouring in his mind throughout the night. The Guru himself came and saved him otherwise he would have committed such immoral deed. He began to feel ashamed of going to the Guru. With a broken heart he presented himself in the congregation at Anandpur.

After the end of the morning assembly, the Guru called Joga Singh. The Guru commended him for his sacrifice at Peshawar. Joga Singh expressing his gratitude for saving his honour during the night at Hoshiarpur, placed his head at the feet of the Guru and said, "Benefactor as you are, you forgive the mistakes of your devotees. Please forgive me."

The Guru granted him forgiveness but the Sikhs have not forgotten that happening as they get guidance from it.

True Guide Frees from Bondage

Once a large number of devotees came to Anandpur from Peshawar to have an audience with Guru Gobind Singh. A very handsome youth between thirteen and fourteen years was one of them. He ceremoniously bowed his head at the feet of the Guru just as his parents and other devotees had done. When he was paying his obeisance, the Guru asked him, "Child, what is your name?" The youth replied, "My true guide, my name is Joga." Joga in Punjabi means for someone.

The Guru again asked, "Bhai, who is that someone?" The boy was very clever. He replied promptly, "True lord, you are."

The Guru said, "From today you are for me and I am for you." On hearing this from the Guru, Joga obtained his parents consent to stay in the Guru's institution.

Joga remained with the Guru while his parents and other devotees returned to Peshawar. From that day on, Joga devoted his body and soul in the service of Guru's institution. He was baptised and became Joga Singh from Joga.

His parents betrothed him to a very beautiful girl from a good family. Considering the suitable time for his marriage his parents fixed a date for the ceremony and came to Anandpur to take him with them. As told by his father, Joga Singh asked the Guru to allow him to go for his marriage ceremony. The Guru said, "Joga Singh, you can go with pleasure. There is only one condition that you should come back immediately upon my orders."


"Your command be true, it will be as your reverance wishes." Saying this Joga Singh touched Guru's feet and departed for Peshawar to get married.

On the fixed date after the conclusion of the early morning recitation of prayers, the Anand Karaj (marriage ceremony) of Joga Singh started. After the completion of the first two lawans (hymns from Granth Sahib) out of the four which have to be recited to complete the marriage ceremony, a Sikh handed over a letter from the Guru to Joga Singh. The letter stated, "Return to Anandpur immediately on reading this letter."

After going through the Guru's letter, Joga Singh left the marriage ceremony. The relatives pleaded with him to complete the marriage ceremony before proceeding to Anandpur. He paid no attention to their requests. He said to them, "My Guru has written to come leaving all the works so it is my duty to leave." He jumped upon his horse and proceeded towards Anandpur.

It was evening when Joga Singh reached Hoshiarpur. He deliberated with a thought that came into his mind, "Can there be a Sikh of the Guru who like me will obey the orders of the Guru, leaving even his marriage ceremony unfinished?" He became proud of himself. In the meantime he saw a prostitute, while passing through the bazar. Seeing the beautiful prostitute, his mind was set on spending the night with her.

The Guru who knew what was in the mind of his true devotees, had already



ਸਤਿਗੁਰ ਸਿੱਖ ਕੇ ਬੰਧਨ ਕਾਟੈ

True Guide Frees from Bondage

ਅੱਗੇ ਪਹਿਰਾ ਦੇ ਰਿਹਾ ਸੀ। ਭਾਈ ਜੋਗਾ ਸਿੰਘ ਨੇ ਦੇਖਿਆ ਕਿ ਇਕ ਸਿੰਘ ਉਸ ਵੇਸਵਾ ਦੇ ਦਰਵਾਜ਼ੇ ਅੱਗੇ ਖੜਾ ਹੈ ਜਦੋਂ ਉਹ ਪਾਸੇ ਚਲਿਆ ਜਾਵੇਗਾ ਤਾਂ ਮੈਂ ਅੰਦਰ ਜਾਵਾਂਗਾ। ਇਹ ਸੋਚ ਕੇ ਉਹ ਪਿੱਛੇ ਮੁੜ ਗਿਆ।

ਕੁਝ ਦੇਰ ਪਿਛੋਂ ਫਿਰ ਉਹ ਵੇਸਵਾ ਦੇ ਦਰਵਾਜ਼ੇ ਵਲ ਆਇਆ ਤਾਂ ਕੀ ਦੇਖਦਾ ਹੈ ਕਿ ਸਿੰਘ ਅਜੇ ਵੀ ਖੜਾ ਹੈ। ਉਸ ਨੂੰ ਦੇਖ ਕੇ ਜੋਗਾ ਸਿੰਘ ਫਿਰ ਮੁੜ ਗਿਆ। ਇਸ ਤਰ੍ਹਾਂ ਭਾਈ ਜੋਗਾ ਸਿੰਘ ਸਾਰੀ ਰਾਤ ਉਸ ਵੇਸਵਾ ਦੇ ਦਰਵਾਜ਼ੇ ਵਲ ਚੱਕਰ ਮਾਰਦਾ ਰਿਹਾ ਪਰ ਹਰ ਵਾਰੀ ਉਹ ਸਿੰਘ ਨੂੰ ਦਰਵਾਜ਼ੇ ਅੱਗੇ ਖੜ੍ਹਾ ਦੇਖ ਕੇ ਮੁੜ ਜਾਂਦਾ ਰਿਹਾ। ਇਸ ਤਰ੍ਹਾਂ ਸਾਰੀ ਰਾਤ ਉਸ ਨੇ ਚੱਕਰਾਂ ਵਿਚ ਗੁਜ਼ਾਰ ਦਿੱਤੀ।

ਅੰਮ੍ਰਿਤ ਵੇਲੇ ਜਦੋਂ ਜੋਗਾ ਸਿੰਘ ਦੇਖਣ ਆਇਆ ਤਾਂ ਸਿੰਘ ਨੇ ਉਸ ਨੂੰ ਕਿਹਾ, "ਭਾਈ ਜੋਗਾ ਸਿੰਘ, ਅੰਮ੍ਰਿਤ ਵੇਲਾ ਹੋ ਗਿਆ ਹੈ। ਜਾ ਇਸ਼ਨਾਨ ਕਰ ਤੇ ਉਸ ਮਾਲਕ ਦਾ ਨਾਮ ਜੱਪ।" ਇਹ ਸੁਣ ਕੇ ਭਾਈ ਜੋਗਾ ਸਿੰਘ ਨੂੰ ਗਿਆਨ ਹੋਇਆ ਕਿ ਉਹ ਸਾਰੀ ਰਾਤ ਕਿਹੜੇ ਭੈੜੇ ਕੰਮ ਦੀ ਦਲੀਲ ਕਰਦਾ ਰਿਹਾ ਸੀ। ਉਸ ਨੂੰ ਗੁਰੂ ਨੇ ਆਪ ਆ ਕੇ ਬਚਾ ਲਿਆ, ਨਹੀਂ ਤਾਂ ਉਹ ਗੁਰੂ ਨੂੰ ਮੂੰਹ ਦਿਖਾਉਣ ਜੋਗਾ ਨਾ ਰਹਿੰਦਾ। ਉਸ ਨੂੰ ਗੁਰੂ ਜੀ ਪਾਸ ਜਾਣ ਤੋਂ ਸ਼ਰਮ ਆਉਣ ਲਗੀ। ਗੁਰੂ ਤੋਂ ਬਿਨਾਂ ਉਸ ਪਾਸ ਹੋਰ ਕੋਈ ਠੌਹਰ ਵੀ ਨਹੀਂ ਸੀ ਜਿੱਥੇ ਉਹ ਜਾ ਸਕਦਾ। ਟੁੱਟੇ ਭੱਜੇ ਦਿਲ ਨਾਲ ਉਹ ਅਨੰਦਪੁਰ ਦੀਵਾਨ ਵਿਚ ਹਾਜ਼ਰ ਹੋ ਗਿਆ।

ਗੁਰੂ ਜੀ ਨੇ ਦੀਵਾਨ ਦੀ ਸਮਾਪਤੀ ਪਿਛੋਂ ਉਸ ਨੂੰ ਆਪਣੇ ਪਾਸ ਬੁਲਾਇਆ। ਪਸ਼ੌਰ ਦੀ ਕੁਰਬਾਨੀ ਦੀ ਸ਼ਾਬਾਸ਼ ਦਿਤੀ। ਹੁਸ਼ਿਆਰਪੁਰ ਵਿਚ ਰਾਤ ਸਮੇਂ ਸਹਾਈ ਹੋ ਕੇ ਲਾਜ ਰੱਖਣ ਉੱਪਰ ਧੰਨਵਾਦ ਕਰਦੇ ਹੋਏ, ਭਾਈ ਜੋਗਾ ਸਿੰਘ ਨੇ ਗੁਰੂ ਜੀ ਦੇ ਚਰਨਾਂ ਉਪਰ ਸੀਸ ਰਖ ਕੇ ਕਿਹਾ, "ਦਾਤਾ ਜੀ, ਆਪ ਆਪਣੇ ਬੱਚਿਆਂ ਦੀਆਂ ਭੁੱਲਾਂ ਬਖਸ਼ਣਹਾਰ ਹੋ। ਮੈਨੂੰ ਵੀ ਬਖਸ਼ ਦੇਵੋ।"

ਸਤਿਗੁਰਾਂ ਉਸ ਨੂੰ ਇਹ ਕਹਿੰਦੇ ਹੋਏ ਬਖ਼ਸ਼ ਦਿੱਤਾ, "ਤੂੰ ਗੁਰੂ ਜੋਗਾ ਤੇ ਗੁਰੂ ਤੇਰੇ ਜੋਗਾ।" ਉਸ ਤੋਂ ਪਿਛੋਂ ਭਾਈ ਜੋਗਾ ਸਿੰਘ ਨੇ ਪੂਰਨ ਸਿੱਖ ਦੀ ਨਿਆਈਂ ਗੁਰੂ ਘਰ ਦੀ ਸੇਵਾ ਕਰਦੇ ਆਪਣੀ ਜ਼ਿੰਦਗੀ ਗੁਜ਼ਾਰੀ। ਗੁਰੂ ਗੋਬਿੰਦ ਸਿੰਘ ਨੇ ਤਾਂ ਭਾਈ ਜੋਗਾ ਸਿੰਘ ਨੂੰ ਬਖ਼ਸ਼ ਦਿੱਤਾ ਸੀ ਪਰ ਸਿੱਖਾਂ ਨੇ ਉਸ ਦੀ ਗਲਤੀ ਨੂੰ ਅੱਖਾਂ ਤੋਂ ਉਹਲੇ ਨਹੀਂ ਕੀਤਾ ਤਾਂ ਜੋ ਆਪ ਉਸ ਦੀ ਗ਼ਲਤੀ ਤੋਂ ਸਿੱਖਿਆ ਲੈ ਸਕਣ।